

ਬਰਫ਼ ਬਣਿਆਂ ਹਾਂ
ਬਲਦੇਵ ਸੀਹਰਾ

*ਮੈਂ ਇਸ਼ਕ ਦੇ ਚਸ਼ਮੇ ਦਾ ਪਾਣੀ*
*ਮੈਨੂੰ ਹੋਠੀਂ ਲਾ ਕੇ ਵੇਖ*

ਜਦੋਂ ਕਦੀ ਬਲਦੇਵ ਨੇ ਪਰੰਪਰਾ ਤਿਆਗ ਕੇ ਆਲੇ ਦਵਾਲੇ ਨੂੰ ਨਵੀਂ ਅੱਖ ਨਾਲ ਵੇਖਣ ਦਾ ਯਤਨ ਕੀਤਾ ਹੈ ਤਾਂ ਖ਼ੂਬਸੂਰਤ ਸਤਰਾਂ ਲਿਖੀਆਂ ਹਨ:

*ਬਿਰਖ ਹਾਂ ਬਿਰਖ ਹੀ ਰਹਿਣ ਦੇ*
*ਪੂਜ ਨਾ ਬਿਰਖ ਹੀ ਰਹਿਣ ਦੇ*

ਉਮੀਦ ਹੈ ਬਲਦੇਵ ਆਉਣ ਵਾਲੀਆਂ ਰਚਨਾਵਾਂ ਵਿਚ ਆਪਣੇ ਅਮੀਰ ਅਨੁਭਵ ਤੋਂ ਪੂਰਾ ਲਾਭ ਉਠਾਵੇਗਾ ਅਤੇ ਬੇਰੀ ਤੋੜਦੇ ਨੀਲੇ ਹੱਥ, ਮੁਟਿਆਰਾਂ ਦੇ ਗੁਲਾਬੀ ਤੋਂ ਜਾਮਣੀ ਹੋਏ ਸੁਪਨੇ, ਖੇਤਾਂ ਵਿਚ ਪਲ-ਪਲ ਉਠਦੇ ਬੈਠਦੇ ਝੁਕਦੇ ਤੁਰਦੇ ਬਜ਼ੁਰਗ ਗੋਡੇ, ਅਤੇ ਨਸ਼ਿਆਂ ਦੀ ਯਾਰੀ ਵਿਚ ਕਾਨੂੰਨ ਭੰਨਦੇ, ਕਿਸੇ ਦੀ ਨਾ ਮੰਨਦੇ, ਮੌਤ ਨੂੰ ਮਖੌਲਾਂ ਕਰਦੇ ਪੰਜਾਬੀ ਮੁੰਡੇ ਕੁੜੀਆਂ ਵੀ ਉਸਦੀ ਕਵਿਤਾ ਦਾ ਹਿੱਸਾ ਬਨਣ ਲਈ ਜ਼ਿਦ ਕਰਨਗੇ।

ਬਲਦੇਵ ਦੀ ਇਸ ਪੁਸਤਕ 'ਬਰਫ਼ ਬਣਿਆਂ ਹਾਂ' ਨੂੰ ਜੀਅ ਆਇਆਂ, ਇਸ ਨਾਲ ਐਬਟਸਫੋਰਡ ਦੇ ਨਵੇਂ ਪੰਜਾਬੀ ਕਵੀਆਂ ਨੂੰ ਹੋਰ ਉਤਸ਼ਾਹ ਮਿਲੇਗਾ।

*-ਅਜਮੇਰ ਰੋਡੇ*

# ਬਰਫ਼ ਬਣਿਆਂ ਹਾਂ

ਏਸੇ ਕਲਮ ਤੋਂ:-

| | | |
|---|---|---|
| ਅਧੂਰੇ ਖ਼ਾਬ | ਕਾਵਿ-ਸੰਗ੍ਰਹਿ | 2010 |

# ਬਰਫ਼ ਬਣਿਆਂ ਹਾਂ

(ਗ਼ਜ਼ਲ ਸੰਗ੍ਰਹਿ)

ਬਲਦੇਵ ਸੀਹਰਾ (ਦੇਵ)

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

*Baraf Baneyan Haan*

***Ghazals by***

**Baldev Seehra ©**
4383 Boundary Road
Abbotsford. B.C.
CANADA
Ph: 604-823-6106

ISBN : 978-93-82852-02-5

Rs. 150/-

2014

*Printing and Bound in India*

*Published by*

**Chetna Parkashan**

PUNJABI BHAWAN, LUDHIANA (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph : 01635-226551, 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਸਮਰਪਣ
ਮੇਰੀ ਸਾਹਾਂ ਦੀ ਸਾਥਣ
ਰਵਿੰਦਰ
ਦੇ
ਨਾਂ

## ਤਤਕਰਾ


| | | |
|---|---|---|
| ਬਲਦੇਵ ਸੀਹਰਾ ਦੀ ਗ਼ਜ਼ਲਗੋਈ | *-ਨਦੀਮ ਪਰਮਾਰ* | 9 |
| ਕੈਨੇਡਾ ਵਾਲੇ ਦੇਵ ਦੀ ਗ਼ਜ਼ਲ | *-ਅਜਮੇਰ ਰੋਡੇ* | 14 |
| ਬਲਦੇਵ ਸੀਹਰੇ ਦੀ ਕਾਵਿਤਾ... | *-ਸੁਰਜੀਤ ਕਲਸੀ* | 16 |
| ਆਪਣੇ ਵਲੋਂ | *-ਬਲਦੇਵ ਸੀਹਰਾ* | 21 |
| ਬੜੇ ਹੁੰਦੇ ਨੇ ਸੰਗਦਿਲ | ........ | 25 |
| ਉਹ ਵਿਖਾਉਂਦਾ ਰਿਹਾ | ........ | 26 |
| ਰੋ ਰਿਹਾ ਕਿਉਂ ਅੱਜ ਕਲ | ........ | 27 |
| ਪਿਆਰ ਵਿਚ ਮੈਨੂੰ ਤੂੰ | ........ | 28 |
| ਯਾਰ ਮੇਰੇ 'ਤੇ ਕੁਝ | ........ | 29 |
| ਇਹ ਰਿਸ਼ਤਾ ਬੇਨਾਮ | ........ | 30 |
| ਰਾਤ ਨੂੰ ਤੂੰ ਏਂ | ........ | 31 |
| ਮੈਂ ਵਗਦਾ ਰਹਾਂਗਾ | ........ | 32 |
| ਇਸ ਪੰਖੇਰੂ ਦੀ ਅਜਬ | ........ | 33 |
| ਜਦੋਂ ਰਾਤ ਉਸ ਦਾ | ........ | 34 |
| ਤੁਰ ਰਹੇ ਨੇ ਸੱਧਰਾਂ | ........ | 35 |
| ਤੂੰ ਨ ਛੁਪ ਸਕਦੈਂ | ........ | 36 |
| ਤੈਨੂੰ ਖੋਹਣਾ ਮੇਰਾ ਨਸੀਬ | ........ | 37 |
| ਬਿਰਖ ਹਾਂ ਬਿਰਖ | ........ | 38 |
| ਹੋਠ ਦੇ ਦਿਓ | ........ | 39 |
| ਸ਼ੌਕ ਨਿਰਾਲਾ ਤੇਰੇ | ........ | 40 |
| ਦੇਵ ਨਾ ਕਰ | ........ | 41 |
| ਮੈਨੂੰ ਅੱਜ ਵੀ ਤੇਰੀ | ........ | 42 |
| ਮਿਟਾ ਸਕਦੈਂ ਤਾਂ | ........ | 43 |
| ਮੈਨੂੰ ਦਰਿਆ ਵਾਂਗ | ........ | 44 |
| ਇਕ ਵਾਰੀ ਦੇ ਦੇ | ........ | 45 |
| ਅੱਖ ਚੋਂ ਡਿਗਿਆ | ........ | 46 |
| ਜਿੰਦ 'ਚ ਹਰ ਕਦਮ | ........ | 47 |
| ਯਾਰ ਮੈਨੂੰ ਤੂੰ ਫ਼ਿਰ ਅੱਜ | ........ | 48 |
| ਵਾਰ ਅੱਖ ਦਾ ਵੀ | ........ | 49 |
| ਬਰਫ਼ ਬਣਿਆ ਹਾਂ | ........ | 50 |
| ਹਰ ਇਕ ਧੁਖ਼ਦੀ ਆਂਦਰ | ........ | 51 |
| ਤੇਰੀ ਰਾਹ ਵਿਚ ਸੁੱਕਿਆ | ........ | 52 |
| ਸਰ ਅਸੀਂ ਵੀ ਇਸ਼ਕ | ........ | 53 |
| ਇਹ ਪ੍ਰੀਤ | ........ | 54 |
| ਦੁੱਖ ਹੱਸ ਹੱਸ | ........ | 55 |
| ਤੇਰੇ ਨਾਲੋਂ ਗ਼ੈਰ | ........ | 56 |
| ਮੈਂ ਤਾਂ ਦਰਪਣ ਹਾਂ | ........ | 57 |
| ਯਾਦ ਤੇਰੀ ਨਾਲ ਮੈਂ | ........ | 58 |
| ਤੂੰ ਮੇਰੇ ਰਾਜ਼ ਨੂੰ | ........ | 59 |
| ਦਿਲ ਸ਼ਮਾਂ ਵਾਂਗ | ........ | 60 |
| ਅੱਖ 'ਚ ਹੰਝੂ ਜਦ | ........ | 61 |
| ਜ਼ਿੰਦਗੀ ਵਿਚ ਵੇਖ | ........ | 62 |
| ਜੀਵਨ ਭਰ ਦਾ ਸਾਥ ਰਿਹਾ | ........ | 63 |
| ਯਾਦ ਨੇ ਫ਼ਿਰ | ........ | 64 |
| ਯਾਦ ਤੇਰੀ ਹੀ | ........ | 65 |
| ਤੇਰਾ ਮੇਰਾ | ........ | 66 |
| ਯਾਦ ਉਸਦੀ ਆਈ | ........ | 67 |
| ਦਿਲ ਸਦਾ ਜ਼ਖ਼ਮ | ........ | 68 |
| ਕਿਸ ਤਰ੍ਹਾਂ ਦਾ | ........ | 68 |

| | | |
|---|---|---|
| ਤੈਨੂੰ ਮੈਨੂੰ ਵਕਤ ਨੇ | ........ | 69 |
| ਇਹ ਦਰਦ ਕਹਾਣੀ | ........ | 70 |
| ਮੈਨੂੰ ਉਸ ਦੇ ਪਿਆਰ | ........ | 71 |
| ਤੈਨੂੰ ਭੁੱਲਣਾ ਰੱਬ | ........ | 72 |
| ਮੁੜ ਕੇ ਓਹੀ | ........ | 73 |
| ਕਿਉਂ ਤੂੰ ਲਾਈਆਂ | ........ | 74 |
| ਬੰਦਾ ਵੇਖੇ | ........ | 75 |
| ਗੱਲ ਗੱਲ ਤੇ | ........ | 76 |
| ਉਹ ਗਿਆ ਯਾਰੋ | ........ | 77 |
| ਜਦੋਂ ਤੀਕ ਅੰਬਰ | ........ | 78 |
| ਜ਼ਿੰਦਗੀ ਵਿਚ ਜੇ | ........ | 79 |
| ਕਿਹਾ ਹੈ ਲੱਗੇ ਸੁੱਕਿਆਂ | ........ | 80 |
| ਸੌਂ ਸਕੇ ਨਾ ਅਸੀਂ | ........ | 81 |
| ਜ਼ਿੰਦਗੀ ਦਰਦ ਦਾ | ........ | 82 |
| ਵੇਖ ਮੇਰਾ ਦਰਦ | ........ | 83 |
| ਦੇਵ ਹੁਣ ਖ਼ਮੋਸ਼ ਹੈ | ........ | 84 |
| ਤੂੰ ਨਾ ਰੋ ਹੁਣ | ........ | 85 |
| ਦਿਲ ਨੂੰ ਹੀ ਦਿਲ ਦਾ | ........ | 86 |
| ਯਾਦ ਆਵਾਂਗਾ ਭੁਲਾ ਕੇ | ........ | 87 |
| ਭੈੜਾ ਵਣਜ ਪਿਆਰ | ........ | 88 |
| ਸਾਰੀ ਉਮਰ ਨਾ | ........ | 89 |
| ਮੇਰੇ ਬਾਦ ਮੇਰਾ | ........ | 90 |
| ਮੇਰਾ ਕਿੰਨਾ ਖ਼ਿਆਲ | ........ | 91 |
| ਮੈਨੂੰ ਮੇਰੇ ਮੀਤ ਨੇ | ........ | 92 |
| ਜ਼ਿੰਦਗੀ ਦੀ ਰਾਹ | ........ | 93 |
| ਇਸ਼ਕ ਆਪਣੇ ਆਪ | ........ | 94 |
| ਬੇ-ਰਹਿਮ ਨਿਕਲਿਆ | ........ | 95 |
| ਮੈਂ ਚਲਦਾ ਮੈਂ ਕਿਧਰੇ | ........ | 96 |


## ਬਲਦੇਵ ਸੀਹਰਾ ਦੀ ਗ਼ਜ਼ਲਗੋਈ

ਜਦੋਂ ਵੀ ਕਿਤੇ ਗ਼ਜ਼ਲ ਦੀ ਗੱਲ ਛਿੜਦੀ ਹੈ ਤਾਂ ਇਹ ਆਮ ਸੁਨਣ ਵਿਚ ਆਉਂਦਾ ਹੈ, "ਗ਼ਜ਼ਲ ਦਾ ਕੀ ਕਹਿਣਾ, ਬੈਂਤ ਜਾਂ ਦੋਹੇ ਵਾਂਗੂੰ ਦੋ ਦੋ ਤੁਕਾਂ ਦਾ ਤੁਕਾਂਤ ਜੋੜੀ ਜਾਓ, ਬਸ, ਗ਼ਜ਼ਲ ਬਣ ਗਈ।" ਕੀ ਇਹ ਗੱਲ ਸਹੀ ਹੈ? ਜੀ, ਬਿਲਕੁਲ ਸਹੀ ਹੈ, ਬਿਸ਼ਰਤੇ ਕਿ, ਬਣਤਰ, ਬੁਣਤਰ, ਵਿਸ਼ਾ ਵਸਤੂ ਤੋਂ ਇਲਾਵਾ, ਸ਼ਕੀਲ ਬਦਾਯੂਨੀ ਦੇ ਗ਼ਜ਼ਲ ਬਾਰੇ ਕਥਨ –

*ਕੁਛ ਕਨਾਏਂ ਹੈਂ ਕੁਛ ਇਸ਼ਾਰੇ ਹੈਂ*
*ਹਮ ਮਗਰ ਸਾਦਗੀ ਕੇ ਮਾਰੇ ਹੈਂ*

ਅਨੁਸਾਰ, ਕਲਾਮ ਵਿਚ ਨਿਰੀ ਸਾਦਗੀ ਹੀ ਨਹੀਂ, ਤਾਜ਼ਗੀ ਤੇ ਖ਼ਿਆਲ ਦੀ ਪੁਖ਼ਤਗੀ ਵੀ ਹੋਣੀ ਲਾਜ਼ਮੀ ਹੈ। ਜਿਵੇਂ

*ਬਰਫ਼ ਬਣਿਆਂ ਹਾਂ ਪਾਣੀ ਬਣਿਆ ਹਾਂ*
*ਮੈਂ ਤਾਂ ਤੇਰੀ ਕਹਾਣੀ ਬਣਿਆ ਹਾਂ*

*ਹਰ ਜਨਮ ਮੈਂ ਉਧਾਰੇ ਸਾਹ ਲੈ ਕੇ*
*ਇੱਕ ਬਸ ਤੇਰਾ ਹਾਣੀ ਬਣਿਆ ਹਾਂ*

*ਯਾਦ ਤੇਰੀ ਦੇ ਹਰਫ਼ ਬਣ ਕੇ ਹੀ*
*ਪਿਆਰ ਦੀ ਮੈਂ ਕਹਾਣੀ ਬਣਿਆ ਹਾਂ*

*ਬਸ ਸਵਾਗਤ ਤੇਰਾ ਹੀ ਕਰਨੇ ਨੂੰ*
*ਮੈਂ ਤਾਂ ਫੁੱਲਾਂ ਦੀ ਟਾਹਣੀ ਬਣਿਆ ਹਾਂ*

*ਹਸ਼ਰ ਤਕ ਤੇਰਾ ਹਮਸਫ਼ਰ ਬਣਨਾ*
*ਰਾਹ ਤੇਰੀ ਸੁਹਾਣੀ ਬਣਿਆ ਹਾਂ*

ਉੱਪਰਲੀ ਗ਼ਜ਼ਲ, ਅਰੂਜ਼ੀਆਂ ਦੀ ਗ਼ਜ਼ਲ ਦੀ ਤਿਨ ਪ੍ਰਕਾਰ ਦੀ ਵੰਡ, ਰਿੰਦਾਨਾ, ਆਰਫ਼ਾਨਾ ਤੇ ਆਸ਼ਕਾਨਾ ਵਿੱਚੋਂ ਭਾਵੇਂ ਆਸ਼ਕਾਨਾ ਰੰਗ ਦੀ ਹੈ ਤਾਂ ਵੀ ਇਸ ਵਿਚ ਇਸ਼ਾਰੇ ਹਨ। ਕਨਾਏਂ ਅਰਥਾਤ ਰਮਜ਼ਾਂ ਹਨ ਜਿਵੇਂ ਬਰਫ਼, ਪਾਣੀ, ਯਾਦ ਦਾ ਹਰਫ਼, ਫ਼ੁੱਲਾਂ ਦੀ ਟਾਹਣੀ, ਸੁਹਾਣੀ ਰਾਹ ਬਣਨਾ ਆਦਿ। ਭਾਵੇਂ ਵਿਸ਼ਾ ਪਿਆਰ ਹੈ ਤਾਂ ਵੀ ਸਾਦਗੀ ਹੈ ਸਾਦ-ਮੁਰਾਦ ਬੋਲੀ ਨਾਲ ਤਾਜ਼ਗੀ ਤੋਂ ਇਲਾਵਾ ਖਿਆਲਾਂ ਵਿਚ ਪੁਖ਼ਤਗੀ ਵੀ ਦੇਖਣ ਨੂੰ ਮਿਲਦੀ ਹੈ। ਖਿਆਲ ਦੀ ਪੁਖ਼ਤਗੀ ਨੂੰ ਤਖ਼ਈਉਲ ਦੀ ਪਰਵਾਜ਼ ਵੀ ਕਿਹਾ ਜਾ ਸਕਦਾ ਹੈ ਜਿਵੇਂ ਆਖ਼ਰੀ ਤੋਂ ਪਹਿਲਾ ਸ਼ਿਅਰ-

*ਬਸ ਸਵਾਗਤ ਤੇਰਾ ਹੀ ਕਰਨੇ ਨੂੰ*
*ਮੈਂ ਤਾਂ ਫੁੱਲਾਂ ਦੀ ਟਾਹਣੀ ਬਣਿਆ ਹਾਂ*

ਜਿਸ ਵਿਚ, ਮਹਿਬੂਬ ਦੇ ਸਵਾਗਤ ਲਈ ਫੁੱਲ ਨਹੀਂ ਬਲਕਿ ਫੁੱਲਾਂ ਦੀ ਟਾਹਣੀ ਬਣਨਾ ਖਿਆਲ ਦੀ ਪਰਵਾਜ਼ ਹੈ।

ਇਸ ਗ਼ਜ਼ਲ ਦੇ ਪੰਜੇ ਸ਼ਿਅਰ ਬਣਤਰ ਤੇ ਬੁਣਤਰ ਅਰਥਾਤ ਗ਼ਜ਼ਲ ਵਿਧਾ 'ਤੇ ਪੂਰੇ ਉਤਰਦੇ ਹਨ। ਬਣਤਰ ਅਨੁਸਾਰ ਇਹ ਬਹਿਰ ਖ਼ਫ਼ੀਫ਼ ਮਸੱਦਸ ਮਖ਼ਬੂਨ ਜਿਸ ਦਾ ਤੋਲ, ਚਾਲ ਜਾਂ ਰਹਾ, "ਫਾਇਲਾਤੁਨ + ਮੁਫ਼ਾਇਲੁਨ + ਫੇਲੁਨ" ਹੈ, ਵਿਚ ਹੈ। ਪੰਜਾਬੀ ਗ਼ਜ਼ਲ ਵਿਚ ਇਹ ਬਹਿਰ ਪੜ੍ਹਨ, ਸੁਣਨ ਤੇ ਦੇਖਣ ਨੂੰ ਮਿਲਦੀ ਤਾਂ ਹੈ ਪਰ ਨਾਂ ਮਾਤਰ ਹੀ ਮਿਲਦੀ ਹੈ ਜਦ ਕਿ ਉਰਦੂ ਦੇ ਮਾਰੂਫ਼ ਸ਼ਾਇਰ ਮੀਰ ਤਕੀ ਮੀਰ ਤੇ ਮਿਰਜ਼ਾ ਗ਼ਾਲਿਬ ਆਦਿ ਸ਼ਾਇਰਾਂ ਦੀ ਇਹ ਚਹੇਤੀ ਬਹਿਰ ਸੀ ਤੇ ਬਹੁਤ ਸਾਰਾ ਮਕਬੂਲ ਕਲਾਮ ਇਸੇ ਬਹਿਰ ਵਿਚ ਹੈ। ਜਿਵੇਂ

*ਨਾਜ਼ਕੀ ਉਸਕੇ ਲੱਬ ਕੀ ਕਯਾ ਕਹੀਏ*
*ਪੰਖੜੀ ਇਕ ਗੁਲਾਬ ਕੀ ਸੀ ਹੈ*
*ਮੀਰ ਤਕ ਮੀਰ*

*ਦਰਦ ਮੰਨਤਕਸ਼-ਇ-ਦਵਾ ਨਾ ਹੂਆ*
*ਮੈਂ ਨਾ ਅੱਛਾ ਹੂਆ ਬੁਰਾ ਨਾ ਹੂਆ*
*ਮਿਰਜ਼ਾ ਗ਼ਾਲਬ*

ਪੰਜਾਬੀ ਬੋਲੀ ਦੇ ਸੁਭਾਅ ਤੇ ਵਿਆਕਰਣ ਨੂੰ ਮੁੱਖ ਰੱਖ ਕੇ ਬੁਣਤਰ ਅਨੁਸਾਰ ਕਾਫ਼ੀਆ- 'ਬਾਣੀ' ਹੈ ਤੇ ਰਦੀਫ਼, 'ਬਣਿਆ ਹਾਂ' ਹੈ ਜੋ ਬਾਖ਼ੂਬੀ



ਨਿਭਾਈ ਗਈ ਜਾਪਦੀ ਹੈ। ਕਿਸੇ ਸ਼ਿਅਰ ਵਿਚ ਕਿਤੇ ਕੋਈ ਝੋਲ, ਪਾੜ੍ਹਾ ਜਾਂ ਕੋਈ ਹੋਰ ਐਬ ਨਜ਼ਰ ਨਹੀਂ ਆਉਂਦਾ ਸਵਾਏ ਇਕ ਜੋੜੀ ਕਾਫ਼ੀਆ ਟਾਹਣੀ ਦੇ ਜੋ ਜਾਇਜ਼ ਹੈ। ਵੈਸੇ ਵੀ ਪੰਜਾਬੀ ਵਿਚ 'ਹਾਹੇ' ਦਾ ਉਚਾਰਨ ਨਾ ਹੋਣ ਬਰਾਬਰ ਜਾਂ ਐੜੇ ਵਰਗਾ ਹੀ ਹੁੰਦਾ ਹੈ। ਜਿਵੇਂ ਵਾਹਦਾ - ਵਾਅਦਾ।

ਪਰ ਦੂਜੇ ਪਾਸੇ ਇਹ ਵੀ ਤਾਂ ਕਿਹਾ ਜਾਂਦਾ, "ਗ਼ਜ਼ਲ ਦੀ ਬਣਤਰ ਬੁਣਤਰ ਅਰਥਾਤ ਵਿਧਾ ਜਾਂ ਅਰੂਜ਼ ਤੇ ਪਿੰਗਲ ਦਾ ਗਿਆਨ ਕਿਸੇ ਨੂੰ ਅੱਛਾ ਸ਼ਾਇਰ ਜਾਂ ਗ਼ਜ਼ਲਗੋ ਨਹੀਂ ਬਣਾਉਂਦਾ।" ਖਿਆਲ ਦੀ ਪਰਵਾਜ਼, ਕਲਾਮ ਦੀ ਪੁਖ਼ਤਗੀ ਤੇ ਸ਼ਿਅਰ ਵਿਚ ਤਾਜ਼ਗੀ ਹਰ ਕਵੀ ਦੀ ਨਿੱਜੀ ਤੇ ਵਿਅਕਤੀਗਤ ਸੋਚ ਦੇ ਨਾਲ ਨਾਲ ਅੰਦਾਜ਼-ਇ-ਬਿਆਂ, "ਕਹਿਣ ਦੇ ਢੰਗ" 'ਤੇ ਵੀ ਨਿਰਭਰ ਹੈ। ਕਹਿਣ ਦਾ ਢੰਗ, ਪੇਸ਼ਕਾਰੀ ਇਕ ਹੁਨਰ ਹੈ ਜੋ ਆਉਂਦੇ ਆਉਂਦੇ ਆਉਂਦਾ ਹੈ ਤੇ ਬਿਨਾ ਸਿੱਖਿਆਂ ਪੜ੍ਹਿਆਂ ਨਹੀਂ ਆਉਂਦਾ।

ਜੇ ਇਨ੍ਹਾਂ ਅਸੂਲਾਂ ਤੇ ਕਾਇਦਿਆਂ ਦੀ ਲੋਅ ਵਿਚ ਬਲਦੇਵ ਸੀਹਰਾ ਉਰਫ਼ ਦੇਵ ਦੀ ਗ਼ਜ਼ਲਗੋਈ ਨੂੰ ਹੱਥਲੇ ਗ਼ਜ਼ਲ ਸੰਗ੍ਰਹਿ ਵਿਚ ਪਰਖੀਏ ਤਾਂ ਸਾਨੂੰ ਬਹੁਤ ਸਾਰੀਆਂ ਗ਼ਜ਼ਲਾਂ ਤੇ ਉਨ੍ਹਾਂ ਵਿਚ ਬਹੁਤ ਉਮਦਾ ਉਮਦਾ ਸ਼ਿਅਰ ਮਿਲਦੇ ਹਨ ਜੋ ਬਲਦੇਵ ਦੀ ਗ਼ਜ਼ਲਗੋਈ ਨੂੰ ਵਰਤਮਾਨ ਖਾਸ ਕਰ ਕੇ ਨਵੇਂ ਗ਼ਜ਼ਲਗੋਆਂ ਨਾਲੋਂ ਨਖੇੜਦੇ ਹੀ ਨਹੀਂ ਸਗੋਂ ਬਿਲਕੁਲ ਅਲੱਗ ਥਲੱਗ ਵੀ ਕਰਦੇ ਹਨ।

ਇਸ ਤੋਂ ਪਹਿਲਾਂ ਕਿ ਆਪਾਂ ਦੇਵ ਦੇ ਨਵੇਂ ਗ਼ਜ਼ਲ ਸੰਗ੍ਰਹਿ 'ਇਕ ਰਿਸ਼ਤਾ ਬੇਨਾਮ' ਵਿਚ ਗ਼ਜ਼ਲਗੋਈ ਦੀ ਗੱਲ ਕਰੀਏ, ਗ਼ਜ਼ਲ ਦੀਆਂ ਬਹਿਰਾਂ ਬਾਰੇ ਗੱਲ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਬਿਨਾ ਬਹਿਰ, ਜਿਸ ਨੂੰ ਕਿ ਭਾਰਤੀ ਕਾਵਿ ਵਿਚ ਛੰਦ ਕਿਹਾ ਜਾਂਦਾ ਹੈ, ਗ਼ਜ਼ਲ ਨਹੀਂ ਕਹੀ ਜਾਂਦੀ ਤੇ ਬਹਿਰ ਹੀ ਗ਼ਜ਼ਲਗੋਈ ਦਾ ਧੁਰਾ ਹੈ। ਇਸ ਦੁਆਲੇ ਹੀ ਗ਼ਜ਼ਲਗੋਈ ਦਾ ਸਾਰਾ ਵਿਧਾਨ ਘੁੰਮਦਾ ਹੈ।

ਇਸ ਸੰਗ੍ਰਹਿ ਵਿਚ ਕੁਝ ਲੰਬੀ ਬਹਿਰ ਦੀਆਂ ਗ਼ਜ਼ਲਾਂ ਨੂੰ ਛੱਡ ਕੇ ਕਰੀਬਨ ਕਰੀਬਨ ਬਾਕੀ ਸਾਰੀਆਂ ਗ਼ਜ਼ਲਾਂ ਛੋਟੀਆਂ ਬਹਿਰਾਂ ਵਿਚ ਹਨ ਤੇ ਛੋਟੀ ਬਹਿਰ ਵਿਚ ਗ਼ਜ਼ਲ ਕਹਿਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ। ਕੁੱਜੇ ਵਿਚ ਸਮੁੰਦਰ ਬੰਦ ਕਰਨਾ ਹੈ। ਬਹੁਤ ਸਾਰੀਆਂ ਗ਼ਜ਼ਲਾਂ ਬਹਿਰ ਰਮਲ ਮਸੱਦਸ, ਬਹਿਰ ਮੁਤਕਾਰਿਬ ਮਸੱਦਸ, ਬਹਿਰ ਮੁਤਦਾਰਿਕ ਮਸੱਦਸ, ਬਹਿਰ ਹਜਜ਼ ਮਸੱਦਸ ਆਦਿ ਵਿਚ ਹਨ। ਇਕ ਗ਼ਜ਼ਲ ਬਹਿਰ ਰਜਜ਼ ਮਰੱਬਾ ਵਿਚ ਵੀ ਹੈ ਤੇ ਇਕ ਦੋ ਰੁਕਨੀ ਗ਼ਜ਼ਲ ਬਹਿਰ ਹਜਜ਼ ਵਿਚ ਵੀ ਹੈ। ਪਰ ਸਭ ਤੋਂ ਵੱਧ ਗ਼ਜ਼ਲਾਂ ਬਹਿਰ ਖ਼ਫ਼ੀਫ਼ ਵਿਚ ਹਨ। ਇਹ ਅਮਰ, "ਬਹਿਰ ਖ਼ਫ਼ੀਫ਼ ਦੀਆਂ ਗ਼ਜ਼ਲਾਂ" ਵੀ ਦੇਵ ਨੂੰ ਬਾਕੀ ਗ਼ਜ਼ਲਗੋਆਂ ਨਾਲੋਂ ਨਖੇੜਦਾ ਹੈ ਕਿਉਂਕਿ, ਆਮ ਪੰਜਾਬੀ ਕਵੀ ਫੇਲੁਨ ਜਾਂ

ਫ਼ਿਏਲੁਨ ਦੀਆਂ ਬਹਿਰਾਂ ਵਿਚ ਵੀ ਸ਼ਿਅਰ ਜਾਂ ਗ਼ਜ਼ਲਾਂ ਰਚਦੇ ਹਨ। ਰੁਕਨ ਫ਼ੇਲੁਨ, ਦੋ ਬਹਿਰਾਂ, ਬਹਿਰ ਮੁਤਦਾਰਿਕ ਤੇ ਮੁਤਕ ਦਾ ਸਾਂਝਾ ਗਣ ਹੋਣ ਕਾਰਨ, ਆਮ ਅਣਜਾਣ ਕਵੀ ਇਨ੍ਹਾਂ ਦੋ ਬਹਿਰਾ ਨੂੰ ਰਲ-ਗਡ ਕਰ ਜਾਂਦੇ ਹਨ। ਇਸ ਸੰਗ੍ਰਹਿ ਵਿਚ ਛੋਟੀ ਬਹਿਰ ਤੇ ਚਾਰ ਸ਼ਿਅਰਾਂ ਤੋਂ ਲੈ ਕੇ 9 ਸ਼ਿਅਰਾਂ ਦੀਆਂ ਗ਼ਜ਼ਲਾਂ ਹੋਣ ਕਰਕੇ ਇਹ ਗ਼ਜ਼ਲਾਂ ਗਾਇਆਂ ਵੀ ਜਾ ਸਕਦੀਆਂ ਹਨ।

ਜੇ ਕਰ ਘੋਖਮੀਂ ਨਾ ਸਹੀ, ਓਪਰੀ ਨਜ਼ਰੇ ਹੀ ਇਸ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲ 'ਤੇ ਝਾਤੇ ਮਾਰੀਏ ਤਾਂ ਸਾਨੂੰ ਬਹੁਤ ਸਾਰੀਆਂ ਮਰੱਸਾਅ ਗ਼ਜ਼ਲਾਂ ਦੇ ਨਾਲ ਨਾਲ ਕਈ ਦਿਲ ਟੁੰਬਵੇਂ ਸ਼ਿਅਰ ਵੀ ਪੜ੍ਹਨੇ ਨੂੰ ਮਿਲਦੇ ਹਨ। ਜਿਨ੍ਹਾਂ ਵਿਚ, ਨਿਰਾਸ਼ਵਾਦੀ ਸੁਰ ਵਿਚ ਗ਼ਮ-ਇ-ਜਾਨਾ ਤੋਂ ਆਸ਼ਾਵਾਦੀ ਸੁਰ ਵਿਚ ਗ਼ਮ-ਇ-ਦੌਰਾਂ, ਗ਼ਮ-ਇ-ਦੁਨੀਆ, ਮਾਤ ਭੂਮੀ ਦੇ ਹਾਲਾਤ ਦਾ ਦੁੱਖ, ਦਰਸ਼ਨ ਤੇ ਇਤਿਹਾਸਿਕ ਵੇਰਵੇ ਵੀ ਮਿਲਦੇ ਹਨ। ਲਓ ਦੇਖੋ-

*ਲੀਡਰਾਂ ਨੇ ਕਰ ਹੀ ਦਿੱਤਾ ਖੋਖਲਾ*
*ਜੁਰਮ ਵਿਚ ਬਦਨਾਮ ਹਿੰਦੋਸਤਾਨ ਹੈ*

*ਹੁਣ ਨ੍ਹੇਰੇ ਦਾ ਡਰ ਨਾ ਕੋਈ*
*ਦਿਲ 'ਚ ਉਜਾਲਾ ਤੇਰੇ ਗ਼ਮ ਦਾ*

*ਕਰਤਾ ਨੂੰ ਸਭ ਵੇਚ ਰਹੇ ਨੇ*
*ਕਰ ਮੰਦਰ ਨਾ ਮਸੀਤ ਦੀ ਗੱਲ*

*ਜ਼ਿੰਦਗੀ ਵਿਚ ਹਰ ਕਦਮ 'ਤੇ ਡਰ ਰਿਹਾ*
*ਫਿਰ ਵੀ ਚਾਨਣ ਨਾਲ ਮੈਂ ਹਾਂ ਡਰ ਰਿਹਾ*

*ਮੈਂ ਬੁੱਧ ਨਹੀਂ ਛੱਡ ਜਾਵਾਂਗਾ*
*ਹਾਂ ਦੇਵ ਦੇਵ ਅਜ਼ਮਾ ਕੇ ਵੇਖ*

*ਤੂੰ ਸਿਕੰਦਰ ਹੈਂ ਸਦਾ ਜਿੱਤਦਾ ਹੈਂ ਤੂੰ*
*ਵੇਖ ਪੋਰਸ ਵਾਂਗ ਵੀ ਹਰ ਕੇ ਕਦੀ*

*ਆਰਜ਼ੂ ਸੀ ਤੇਰੀ ਤੂੰ ਨਾ ਮਿਲਿਆ*
*ਆਰਜ਼ੂ ਇਹ ਮੁਕਾਉਂਦੀ ਹੈ ਮੈਨੂੰ*



*ਮੇਰੇ ਬਰਗੀ ਸੀ ਕਹਾਣੀ ਉਸਦੀ*
*ਪਤਝੜ ਜਦ ਆ ਗਈ ਮੈਂ ਰੋ ਪਿਆ*

*ਹੰਝ ਮੇਰੇ ਗਰਮ ਹਨ*
*ਆਹ ਮੇਰੀ ਸਰਦ ਹੈ*

*ਬਲ ਜਿਵੇਂ ਬਦਲੀਆਂ ਨੂੰ ਚਾਹੁੰਦੇ ਨੇ*
*ਤੈਨੂੰ ਅੱਖਾਂ ਉਵੇਂ ਉਡੀਕਦੀਆਂ*

*ਯਾਦ ਆਵਾਂਗਾ ਭੁਲਾ ਕੇ ਵੇਖ ਲੈ*
*ਦਰਦ ਜਾਗੇਗਾ ਸੁਲਾ ਕੇ ਵੇਖ ਲੈ*

ਮਰੱਸਾਅ ਗ਼ਜ਼ਲ ਦਾ ਨਮੂਨਾ ਦੇਖਣਾ? ਲਓ ਦੇਖੋ-

*ਮੁੜ ਕੇ ਉਹੀ ਪਲ ਤੂੰ ਦੇ ਦੇ*
*ਜਾਂ ਫਿਰ ਕੋਈ ਸੱਲ ਤੂੰ ਦੇ ਦੇ*

*ਉਲਝਣ ਉਲਝਣ ਮੇਰਾ ਜੀਵਨ*
*ਇਸਦਾ ਕੋਈ ਹੱਲ ਤੂੰ ਦੇ ਦੇ*

*ਝੁਲਸ ਰਿਹਾ ਹਾਂ ਮੈਂ ਤਾਂ ਲੂ ਵਿਚ*
*ਆਪਣੀ ਪ੍ਰੀਤ ਦਾ ਜਲ ਤੂੰ ਦੇ ਦੇ*

*ਦਿਲ ਦੇ ਦੀਪ 'ਤੇ ਫੂਕ ਨਾ ਮਾਰੀਂ*
*ਸੜ ਬਲ ਜਾਣ ਨੂੰ ਪਲ ਤੂੰ ਦੇ ਦੇ*

*ਸਬਰ ਕਰਾਇਆ ਹੈ ਤੂੰ ਬਥੇਰਾ*
*ਹੁਣ ਤਾਂ ਦੇਵ ਨੂੰ ਫਲ ਤੂੰ ਦੇ ਦੇ*

ਜੀ ਜ਼ਰਾ ਉੱਚੀ ਬੋਲੋ । ਮਰ ਹਬਾ! ਲਓ, ਹੁਣ ਬਾਕੀ ਦੀਆਂ ਗ਼ਜ਼ਲਾਂ ਤੁਸੀ ਆਪੇ ਪੜ੍ਹੋ।

*-ਨਦੀਮ ਪਰਮਾਰ*
*ਬਰਨਬੀ ਬੀ ਸੀ, ਕੈਨੇਡਾ*
*604-298-2920*

## ਕੈਨੇਡਾ ਵਾਲੇ ਦੇਵ ਦੀ ਗ਼ਜ਼ਲ

*ਬਰਫ਼ ਬਣਿਆਂ ਹਾਂ ਪਾਣੀ ਬਣਿਆ ਹਾਂ*
*ਮੈਂ ਤਾਂ ਤੇਰੀ ਕਹਾਣੀ ਬਣਿਆ ਹਾਂ*

ਇਹ ਖ਼ੂਬਸੂਰਤ ਸ਼ਿਅਰ ਕੈਨੇਡਾ ਵਿਚ ਰਹਿੰਦੇ ਪੰਜਾਬੀ ਕਵੀ ਬਲਦੇਵ ਸੀਹਰਾ ਨੇ ਲਿਖਿਆ ਹੈ। ਬਲਦੇਵ ਉਹਨਾਂ ਕਵੀਆਂ 'ਚੋਂ ਹੈ ਜੋ ਕਵਿਤਾ ਦੇ ਸਦਾਬਹਾਰ ਵਿਸ਼ਿਆਂ ਤੇ ਲਿਖਦੇ ਹਨ : ਪਿਆਰ, ਬਿਰਹਾ, ਵਸਲ, ਜਗਦੀ ਬੁਝਦੀ ਉਮੀਦ, ਉਮਰ ਤੋਂ ਲੰਮੀ ਉਡੀਕ। ਮਨ ਦੇ ਗੂੜ੍ਹੇ ਸਲੇਟੀ ਰਹੱਸ ਵਿਚ ਵਿਚਰਦੇ ਇਹਨਾ ਭਾਵਾਂ ਦੇ ਵਹਾਅ ਅਤੇ ਉਤਰਾਅ ਚੜ੍ਹਾ ਨੂੰ ਉਜਾਗਰ ਕਰਨ ਲਈ ਬਲਦੇਵ ਨੇ ਗ਼ਜ਼ਲ ਦਾ ਮਾਧਿਅਮ ਚੁਣਿਆ ਹੈ ਜੋ ਸਦੀਆਂ ਤੋਂ ਅਜਿਹੇ ਪ੍ਰਗਟਾਅ ਲਈ ਹਰਮਨ ਪਿਆਰਾ ਰਿਹਾ ਹੈ।

*ਕਿਸ ਤਰ੍ਹਾਂ ਦਾ ਦਰਦ ਹੈ*
*ਗੁਜ਼ਰੇ ਕੱਲ੍ਹ ਦੀ ਗ਼ਰਦ ਹੈ*

ਬਲਦੇਵ ਕੈਨੇਡਾ ਦੇ ਪੱਛਮੀ ਤੱਟ ਉਤੇ ਸਥਿਤ ਸੁੰਦਰ ਫਰੇਜ਼ਰ ਵੈਲੀ ਵਿਚ ਰਹਿੰਦਾ ਹੈ -ਵੈਨਕੂਵਰ ਤੋਂ ਕੋਈ 60-70 ਕਿਲੋਮੀਟਰ ਦੂਰ ਐਬਟਸਫੋਰਡ ਸ਼ਹਿਰ ਵਿਚ। ਫਰੇਜ਼ਰ ਵੈਲੀ ਦੀ ਧਰਤੀ ਨਵੀਂ ਅਤੇ ਉਪਜਾਊ ਹੈ; ਇਥੇ ਫਸਲਾਂ, ਸਬਜ਼ੀਆਂ ਫਲਾਂ ਦੇ ਵਿਸ਼ਾਲ ਫਾਰਮ ਹਨ ਅਤੇ ਬਹੁਗਿਣਤੀ ਪੰਜਾਬੀ ਮੂਲ ਦੇ ਲੋਕਾਂ ਦੀ ਮਲਕੀਅਤ ਹਨ; ਵਾਤਾਵਰਣ ਅਤੇ ਖੇਤਾਂ ਦੀ ਮਹਿਕ ਕੁਝ ਦਹਾਕੇ ਪਹਿਲਾਂ ਦੇ ਪੰਜਾਬ ਵਰਗੀ ਹੈ। ਐਬਟਸਫੋਰਡ ਵਿਚ ਪੰਜਾਬੀਆਂ ਦੀ ਪ੍ਰਤਿਸ਼ਤ ਵਸੋਂ ਕੈਨੇਡਾ ਦੇ ਹੋਰ ਸ਼ਹਿਰਾਂ ਨਾਲੋਂ ਬਹੁਤੀ ਹੈ ਅਤੇ ਅੰਗਰੇਜ਼ੀ ਪਿਛੋਂ ਪੰਜਾਬੀ ਦੂਜੇ ਦਰਜੇ ਦੀ ਭਾਸ਼ਾ ਹੈ।

ਵੈਨਕੂਵਰ ਅਤੇ ਐਬਟਸਫੋਰਡ ਵਿਚ ਰਹਿੰਦੇ ਕੁਝ ਲੇਖਕਾਂ ਦੇ ਯਤਨਾਂ ਨਾਲ 5-6 ਸਾਲ ਪਹਿਲਾਂ ਐਬਟਸਫੋਰਡ ਸਾਹਿਤ ਸਭਾ (ਰਜਿ.) ਹੋਂਦ ਵਿਚ ਆਈ ਜਿਸ ਨਾਲ ਇਥੇ ਪੰਜਾਬੀ ਕਵਿਤਾ ਦੀ ਰਚਨਾ ਵਿਚ ਉਛਾਲ ਆ ਗਿਆ ਅਤੇ ਕਿੰਨੇ ਹੀ ਨਵੇਂ ਕਵੀ ਉਠ ਖਲੋਤੇ। ਫਰੇਜ਼ਰ ਵੈਲੀ ਵਿਚਲੇ ਪੰਜਾਬੀ ਰਹਿਣ ਸਹਿਣ ਵਾਂਗ ਇਥੋਂ ਦੀ ਕਵਿਤਾ 'ਤੇ ਵੀ ਹਰ ਪੱਖੋਂ ਪੰਜਾਬ ਦੀ ਕਵਿਤਾ ਦਾ



ਪ੍ਰਭਾਵ ਪਿਆ ਜੋ ਕੁਝ ਦਹਾਕੇ ਪਹਿਲਾਂ ਪੰਜਾਬ ਵਿਚ ਰਚੀ ਜਾਂਦੀ ਸੀ ਤੇ ਕਿਸੇ ਹੱਦ ਤੱਕ ਅੱਜ ਵੀ ਰਚੀ ਜਾਂਦੀ ਹੈ।

ਬਲਦੇਵ ਸੀਹਰਾ ਇਸੇ ਸਭਾ ਦਾ ਮੈਂਬਰ ਹੈ। ਉਹ ਵਿਗਿਆਨੀ ਹੈ ਅਤੇ ਸਰਕਾਰ ਦੇ ਇਕ ਮਹਿਕਮੇ ਵਿਚ ਅਫ਼ਸਰ ਹੈ; ਉਸਦਾ ਪੰਜਾਬੀ ਅਤੇ ਕਨੇਡੀਅਨ ਮੁੱਖਧਾਰਾ ਸਭਿਆਚਾਰਾਂ ਦਾ ਅਨੁਭਵ ਵਿਸ਼ਾਲ ਹੈ। ਜਿਥੇ ਉਹ ਵਿਹਲੇ ਸਮੇਂ ਆਪਣੇ ਫਾਰਮ ਵਿਚ ਬਲੂ ਬੈਰੀ ਦੇ ਬੂਟੇ ਉਗਾਉਂਦਾ, ਲਾਉਂਦਾ ਤੇ ਉਨ੍ਹਾਂ ਤੋਂ ਪੱਕਿਆ ਫਲ ਤੁੜਵਾਉਂਦਾ ਹੈ ਉਥੇ ਉਹ ਇਮਾਰਤ ਉਸਾਰੀ ਵਿਚ ਜੁੱਟੇ ਲਾ-ਪ੍ਰਵਾਹ ਪੰਜਾਬੀ ਕਾਮਿਆਂ ਨੂੰ ਸੁਰੱਖਿਆ ਦੇ ਕਾਨੂੰਨ ਸਮਝਾਉਂਦਾ ਹੈ ਤੇ ਸੱਟਫੇਟ ਲੱਗਣ ਤੋਂ ਬੇਫਿਕਰ ਕਰਦਾ ਹੈ। ਪਰ ਉਸਦੀ ਰਚਨਾ ਤੇ ਹਾਲੀਂ ਵਿਗਿਆਨ, ਤਰਕ, ਉਸਦੇ ਕੰਮਕਾਰ ਅਤੇ ਕਨੇਡੀਅਨ ਪੰਜਾਬੀ ਸਭਿਆਚਾਰ ਦਾ ਬਹੁਤਾ ਪ੍ਰਭਾਵ ਨਹੀਂ ਦਿਸਦਾ। ਉਂਝ ਉਸਨੇ ਸਿਰਜਣਾਤਮਿਕ ਰਚਨਾ ਵੀ ਕੁਝ ਸਾਲਾਂ ਤੋਂ ਹੀ ਆਰੰਭ ਕੀਤੀ ਹੈ ਅਤੇ ਅਜੇ ਪੰਜਾਬੀ ਕਵਿਤਾ ਦੀਆਂ ਕਲਾਸਿਕ ਸ਼ੈਲੀਆਂ ਵਿਚ ਲਿਖਣ ਦਾ ਹੀ ਅਭਿਆਸ ਕਰ ਰਿਹਾ ਹੈ। ਜਿਵੇਂ ਇਹ ਨਿਰਮਲ ਜਲ ਵਾਂਗ ਵਹਿੰਦਾ ਸ਼ਿਅਰ :

*ਮੈਂ ਇਸ਼ਕ ਦੇ ਚਸ਼ਮੇ ਦਾ ਪਾਣੀ*
*ਮੈਨੂੰ ਹੋਠੀਂ ਲਾ ਕੇ ਵੇਖ*

ਜਦੋਂ ਕਦੀ ਬਲਦੇਵ ਨੇ ਪਰੰਪਰਾ ਤਿਆਗ ਕੇ ਆਲੇ ਦਵਾਲੇ ਨੂੰ ਨਵੀਂ ਅੱਖ ਨਾਲ ਵੇਖਣ ਦਾ ਯਤਨ ਕੀਤਾ ਹੈ ਤਾਂ ਖ਼ੂਬਸੂਰਤ ਸਤਰਾਂ ਲਿਖੀਆਂ ਹਨ:

*ਬਿਰਖ ਹਾਂ ਬਿਰਖ ਹੀ ਰਹਿਣ ਦੇ*
*ਪੂਜ ਨਾ ਬਿਰਖ ਹੀ ਰਹਿਣ ਦੇ*

ਉਮਾਦ ਹੈ ਬਲਦੇਵ ਆਉਣ ਵਾਲੀਆਂ ਰਚਨਾਵਾਂ ਵਿਚ ਆਪਣੇ ਅਮੀਰ ਅਨੁਭਵ ਤੋਂ ਪੂਰਾ ਲਾਭ ਉਠਾਵੇਗਾ ਅਤੇ ਬੇਰੀ ਤੋੜਦੇ ਨੀਲੇ ਹੱਥ, ਮੁਟਿਆਰਾਂ ਦੇ ਗੁਲਾਬੀ ਤੋਂ ਜਾਮਣੀ ਹੋਏ ਸੁਪਨੇ, ਖੇਤਾਂ ਵਿਚ ਪਲ-ਪਲ ਉਠਦੇ ਬੈਠਦੇ ਝੁਕਦੇ ਤੁਰਦੇ ਬਜ਼ੁਰਗ ਗੋਡੇ, ਅਤੇ ਨਸ਼ਿਆਂ ਦੀ ਯਾਰੀ ਵਿਚ ਕਾਨੂੰਨ ਭੰਨਦੇ, ਕਿਸੇ ਦੀ ਨਾ ਮੰਨਦੇਂ, ਮੌਤ ਨੂੰ ਮਖੌਲਾਂ ਕਰਦੇ ਪੰਜਾਬੀ ਮੁੰਡੇ ਕੁੜੀਆਂ ਵੀ ਉਸਦੀ ਕਵਿਤਾ ਦਾ ਹਿੱਸਾ ਬਨਣ ਲਈ ਜ਼ਿਦ ਕਰਨਗੇ।

ਬਲਦੇਵ ਦੀ ਇਸ ਪੁਸਤਕ 'ਬਰਫ਼ ਬਣਿਆਂ ਹਾਂ' ਨੂੰ ਜੀਅ ਆਇਆਂ, ਇਸ ਨਾਲ ਐਬਟਸਫੋਰਡ ਦੇ ਨਵੇਂ ਪੰਜਾਬੀ ਕਵੀਆਂ ਨੂੰ ਹੋਰ ਉਤਸ਼ਾਹ ਮਿਲੇਗਾ।

-ਅਜਮੇਰ ਰੋਡੇ

## ਬਲਦੇਵ ਸੀਹਰੇ ਦੀ ਕਵਿਤਾ ਦਾ 'ਅਧੂਰੇ ਖ਼ਾਬ' ਤੋਂ 'ਬਰਫ਼ ਬਣਿਆਂ ਹਾਂ' ਤੱਕ ਦਾ ਸਫ਼ਰ

ਪੰਜਾਬੀ ਸਾਹਿਤ ਸਭਾ ਐਬਟਸਫ਼ੋਰਡ (ਰਜਿ.) ਦਾ ਸਰਗਰਮ ਮੈਂਬਰ - ਬਲਦੇਵ ਸਿੰਘ ਸੀਹਰਾ ਇਕ ਅਣਥਕ ਤੇ ਸੰਵੇਦਨਸ਼ੀਲ ਗ਼ਜ਼ਲਗੋ ਹੈ ਇਸ ਦੀ ਪਹਿਲੀ ਪੁਸਤਕ "ਅਧੂਰੇ ਖ਼ਾਬ" ਨੂੰ 2010 ਵਿਚ ਰੀਲੀਜ਼ ਕਰਨ ਦਾ ਮਾਣ ਸਭਾ ਨੂੰ ਹਾਸਲ ਹੈ। ਹੁਣ ਇਸੇ ਨਿਰੰਤਰ ਕਾਵਿ-ਸਿਰਜਣਾ ਨੂੰ ਜਾਰੀ ਰੱਖਦਾ ਹੋਇਆ ਬਲਦੇਵ ਇਕ ਹੋਰ ਨਵਾਂ ਗ਼ਜ਼ਲ ਸੰਗ੍ਰਹਿ ਨਵੀਂ ਗ਼ਜ਼ਲਾਂ ਦੀ ਪੁਸਤਕ ਦਾ ਨਾਂ ਲੈ ਕੇ ਸਰੋਤਿਆਂ ਦੇ ਰੂ-ਬ-ਰੂ ਹੈ। ਉਹ ਅਕਸਰ ਛੋਟੀ ਬਹਿਰ ਦੀ ਗ਼ਜ਼ਲ ਲਿਖਦਾ ਹੈ ਤੇ ਇਸ ਵਿਚ ਗੀਤਕ ਅੰਸ਼ ਹੋਣ ਕਰਕੇ ਇਹ ਆਸਾਨੀ ਨਾਲ ਗਾਈ ਜਾ ਸਕਦੀ ਹੈ। ਇਕ ਮਿਸਾਲ ਦੇਖਦੇ ਹਾਂ ਬਲਦੇਵ ਸੀਹਰੇ ਦੀ ਗ਼ਜ਼ਲ ਹੈ "ਯਾਦ ਉਸਦੀ ਹਾਈ..."

*ਯਾਦ ਉਸਦੀ ਆ ਗਈ ਮੈਂ ਰੋ ਪਿਆ।*
*ਦੁੱਖ ਦੀ ਬੱਦਲੀ ਛਾ ਗਈ ਮੈਂ ਰੋ ਪਿਆ।*

*ਮਹਿਫ਼ਿਲ ਵਿਚ ਵੀ ਇਕੱਲਾ ਮੈਂ ਰਿਹਾ,*
*ਇਹ ਇਕੱਲ ਤੜਫ਼ਾ ਗਈ ਮੈਂ ਰੋ ਪਿਆ।*

ਬਹੁਤ ਸਾਰੇ ਸ਼ਾਇਰਾਂ ਨੇ "ਯਾਦ" ਵਿਸ਼ੇ 'ਤੇ ਬਹੁਤ ਸ਼ਾਇਰੀ ਕੀਤੀ ਹੈ; ਫ਼ੈਜ਼ ਅਹਿਮਦ ਫ਼ੈਜ਼ ਦੀ ਮਸ਼ਹੂਰ ਗ਼ਜ਼ਲ ਦਾ ਇਕ ਸ਼ਿਅਰ ਹੈ:

*"ਰਾਤ ਯੂੰ ਦਿਲ ਮੇਂ ਤੇਰੀ ਯਾਦ ਆਈ*
*ਜੈਸੇ ਵੀਰਾਨੇ ਮੇਂ ਬਹਾਰ ਆ ਜਾਏ"*

ਇਸੇ ਤਰ੍ਹਾਂ ਪੰਜਾਬੀ ਦੇ ਮਕਬੂਲ ਸ਼ਾਇਰਾਂ ਮੋਹਨ ਸਿੰਘ, ਅੰਮ੍ਰਿਤਾ



ਪ੍ਰੀਤਮ, ਸ਼ਿਵ ਕੁਮਾਰ ਤੇ ਹੋਰ ਕਈ ਕਵੀਆਂ ਨੇ "ਯਾਦ" ਵਿਸ਼ੇ ਬਾਰੇ ਲਿਖਿਆ ਹੈ। ਉਨੀਵੀਂ ਸਦੀ ਦੇ ਅੱਧ ਵਿਚ ਜਦੋਂ ਪੰਜਾਬੀ ਕਵਿਤਾ ਵਿਚ ਰੁਮਾਂਸਵਾਦ ਦਾ ਦੌਰ ਸੀ ਉਦੋਂ ਕਵਿਤਾ ਦੇ ਪ੍ਰਧਾਨ ਵਿਸ਼ੇ ਬਹੁਤਾ ਕਰਕੇ ਇਸ਼ਕ, ਵਿਛੋੜਾ, ਉਡੀਕ, ਯਾਦ, ਬਿਰਹਾ ਰਹੇ ਹਨ।

ਸਮਾਜਕ ਤੇ ਸਿਧਾਂਤਕ ਪੱਖੋਂ ਕਵੀ ਬਲਦੇਵ ਸੀਹਰੇ ਦੀਆਂ ਗ਼ਜ਼ਲਾਂ ਵਿਚ ਜੋ ਵਿਸ਼ਾ ਉਭਰ ਕੇ ਸਾਹਮਣੇ ਆਇਆ ਹੈ ਉਹ ਵੀ ਰੁਮਾਂਸਵਾਦ ਦੀ ਯਾਦ ਦੁਆਉਂਦਾ ਹੈ। ਜਦੋਂ ਕਦੀ ਕੋਈ ਵਿਅਕਤੀ ਇਹ ਚਾਹੁਣ ਲਗ ਪੈਂਦਾ ਹੈ ਕਿ ਕੋਈ ਉਸ ਨੂੰ ਵੀ ਓਨਾ ਚਾਹਵੇ, ਪਿਆਰ ਕਰੇ ਜਿੰਨਾ ਉਹ ਕਰਨ ਦੀ ਹਾਮੀ ਭਰਦਾ ਹੈ; ਆਪਣਾ ਦਿਲ ਚਾਕ ਕਰਕੇ ਦਿਖਾਉਣ ਦੀ ਸ਼ਿੱਦਤ ਤੇ ਆਪਣੇ ਸੱਚ ਨੂੰ ਪੁਗਾਉਣ ਦੀ ਹਿੰਮਤ ਦੇ ਦਾਅਵੇ ਕਰਨ ਵਾਲਾ ਕੋਈ ਫਰਿਹਾਦ, ਕੋਈ ਮਜਨੂੰ ਕੋਈ ਰਾਂਝਾ ਅੱਜ ਵੀ ਇਸ ਧਰਤੀ ਤੇ ਰਮਤੇ ਰਮਤੇ ਫਿਰ ਰਹੇ ਹਨ ਤੇ ਇਸ ਨੀਰਸ ਤੇ ਬੇਨੂਰ ਜ਼ਿੰਦਗੀ ਨੂੰ ਪੁਰਨੂਰ ਕਰਨ ਦੀ ਕਾਮਨਾ ਲੈ ਕੇ ਸੀਨੇ ਵਿਚ ਇਕ ਦਰਦ ਸਮੋਈ ਫਿਰਦੇ ਹਨ।

ਬਲਦੇਵ ਸੀਹਰੇ ਦੀਆਂ ਇਸ ਸੰਗ੍ਰਹਿ ਵਿਚ ਲਗਭਗ ਸਾਰੀਆਂ ਗ਼ਜ਼ਲਾਂ ਆਸ਼ਕਾਂ ਤੇ ਆਸ਼ਕੀ ਦੇ ਵਰਤਾਰੇ ਦੇ ਲਿਖਾਇਕ ਹਨ। ਇਹ ਗ਼ਜ਼ਲਾਂ ਪੰਜਾਬੀ ਦੇ ਉਹਨਾਂ ਰੋਮਾਂਸਵਾਦੀ ਕਿੱਸਿਆਂ ਦੇ ਹੀਰੋ - ਰਾਂਝਾ, ਮਹੀਵਾਲ, ਫਰਿਹਾਦ, ਪੁੰਨੂੰ, ਮਜਨੂੰ, ਅਤੇ ਹੀਰੋਇਨਾਂ -ਹੀਰ, ਸੋਹਣੀ, ਸ਼ੀਰੀਂ, ਸੱਸੀ, ਤੇ ਲੈਲਾ ਦੀਆਂ ਇਤਿਹਾਸਕ/ਮਿਥਿਹਾਸਕ ਸ਼ਖ਼ਸੀਅਤਾਂ ਦਾ ਅਦੁੱਤੀ ਤੇ ਨਾ ਮਿੱਟ ਸਕਣ ਵਾਲਾ ਪ੍ਰਭਾਵ ਪੇਸ਼ ਕਰਦੀਆਂ ਹਨ। ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਅੱਜ ਇੱਕੀਵੀਂ ਸਦੀ ਵਿਚ ਕੈਨੇਡਾ ਦੀ ਧਰਤੀ ਤੇ ਬੈਠਾ ਕੋਈ ਸ਼ਾਇਰ ਅਜਿਹੀ ਰੁਮਾਂਸਵਾਦੀ ਕਵਿਤਾ ਲਿਖ ਰਿਹਾ ਹੈ ਜਿਸ ਦੀ ਪੇਸ਼ਕਾਰੀ ਵਿਚ ਬਿਰਹਾ ਦੀ ਤੜਪ ਹੈ:

*ਹਰ ਇਕ ਧੁਖ਼ਦੀ ਅੰਦਰ ਉਗਲੇ ਬਿਰਹੋਂ ਦੀਆਂ ਹਾਵਾਂ।*
*ਢਲਦੇ ਸੂਰਜ ਵਾਂਗ ਮੇਰੀਆਂ ਜਾਣ ਢਲਦੀਆਂ ਛਾਵਾਂ।*

*ਜੇ ਤੂੰ ਕਰੇਂ ਇਸ਼ਾਰਾ ਤਾਂ ਮੈਂ ਰਾਤੀਂ ਮਿਲਣੇ ਆਵਾਂ,*
*ਬਣ ਜੁਗਨੂੰ ਫ਼ਿਰ ਰਾਹਵਾਂ ਤੇਰੀਆਂ ਮੈਂ ਰੁਸ਼ਨਾਵਾਂ।*

"ਜੁਗਨੂੰ" ਵੀ ਆਪਣੀ ਥੋੜੀ ਰੌਸ਼ਨੀ ਕਰਦਾ ਉੱਡਦਾ ਫਿਰਦਾ ਹੈ ਤੇ ਦਿਨ ਹੁੰਦਿਆਂ ਹੀ ਉਸ ਦੀ ਰੌਸ਼ਨੀ ਬੁੱਝ ਜਾਂਦੀ ਹੈ ਇਸ ਲਈ "ਰਾਤੀਂ ਮਿਲਣ"

ਦੀ ਗੱਲ ਸ਼ਾਇਰ ਕਰਦਾ ਹੈ। ਨਾਲ ਹੀ ਉਹ ਉਹਨਾਂ ਰਾਹਵਾਂ ਤੇ ਰੌਸ਼ਨੀ ਕਰਨਾ ਚਾਹੁੰਦਾ ਹੈ ਜਿਹਨਾਂ ਰਾਹਾਂ ਤੋਂ ਪਿਆਰੇ ਦੇ ਲੰਘ ਕੇ ਆਉਣ ਦੀ ਆਸ ਹੈ ਤੇ ਉਸ ਦੀ ਯਾਦ ਡਾਢੀ ਸਤਾਉਂਦੀ ਲਗਦੀ ਹੈ:

*ਸਾਲ ਬੀਤ ਗਏ ਕਿੰਨੇ ਹੀ ਸਾਨੂੰ ਮਿਲਿਆਂ ਯਾਰਾ,*
*ਯਾਦ ਤੇਰੀ ਪਰ ਅੱਜ ਵੀ ਤਾਜ਼ਾ ਕਿੰਦਾਂ ਮੈਂ ਭੁੱਲ ਜਾਵਾਂ।*

*ਮੌਸਮ ਫੁੱਲਾਂ ਵਾਲੇ ਵੀ ਬਸ ਪੱਤਝੜ ਵਾਂਗੂ ਲੰਘੇ,*
*ਤੇਰੇ ਬਿਨਾਂ ਤਾਂ ਇਹ ਵੀ ਭੁਗਤਣ ਜਿੰਦਾਂ ਹੋਣ ਸਜਾਵਾਂ।*

*ਪਿਆਰ ਤੇਰਾ ਬਣ ਕੰਡੇ ਚੁੱਭਦਾ ਨਾ ਫਿਰ ਕਦੇ ਵੀ ਯਾਰਾ,*
*ਜੇ ਗਲ ਪਾਈਆਂ ਹੁੰਦੀਆਂ ਤੈਂ ਵੀ ਉਮਰਾਂ ਲੰਮੀਆਂ ਬਾਹਵਾਂ।*

ਬਿਰਹਾ ਵਿਚ ਘੁਲਦਾ ਇਕ ਪ੍ਰੇਮੀ ਕਦੀ "ਮੜ੍ਹੀ ਦੇ ਦੀਵੇ" ਦਾ ਜਗਸੀਰ ਬਣ ਜਾਣ ਦੀ ਇੱਛਾ ਪ੍ਰਗਟਾਉਂਦਾ ਹੈ ਕਿਉਂਕਿ ਉਸ ਦੇ ਮਰਨ ਉਪਰੰਤ ਉਸ ਦੀ ਪ੍ਰੇਮਿਕਾ ਭਾਨੀ ਉਸ ਦੀ ਮੱਟੀ (ਕਬਰ) ਤੇ ਦੀਵਾ ਜਗਾਉਣ ਜਾਂਦੀ ਹੈ। ਕਵੀ ਦੀ ਕਲਪਨਾ ਉਸ ਨੂੰ ਧਰਮ ਕਰਮ ਦੀਆਂ ਧਾਰਨਾਵਾਂ ਤੋਂ ਪਾਰ ਕਿਧਰੇ ਕਬਰਾਂ ਵਲ ਲੈ ਜਾਂਦੀ ਹੈ ਤੇ ਆਸ਼ਕੀ ਰੰਗ ਦੀ ਸ਼ਾਇਰੀ ਵਿਚ ਕਵੀ ਦੇ ਮਨ ਦੀ ਉਡਾਰੀ ਉਸ ਨੂੰ ਇਕ ਕਾਲਪਨਿਕ ਦੁਨੀਆਂ ਵਿਚ ਵਿਚਰਨ ਲਈ ਲੈ ਜਾਂਦੀ ਹੈ ਜਿਥੇ ਉਸ ਦੇ ਦਿਲ ਵਿਚ ਕਿਧਰੇ ਇਹ ਰੀਝ ਛੁਪੀ ਹੋਈ ਹੈ:

*"ਇਹ ਭੁਲੇਖਾ ਦੇਵ ਨੂੰ ਪੈਂਦਾ ਕਿ ਉਹ,*
*ਕਬਰ 'ਤੇ ਦੀਵੇ ਜਗਾਇਆ ਕਰਨਗੇ"।*

ਅੱਗੇ ਬਲਦੇਵ ਸੀਹਰਾ ਲਿਖਦਾ ਹੈ "ਤੂੰ ਮੇਰੇ ਰਾਜ਼ ਨੂੰ" ਹੁਣ ਜ਼ਮਾਨੇ ਨਾਲ ਸਾਂਝਾ ਨਾ ਕਰੀਂ ਪਰ ਜਦੋਂ "ਮੜ੍ਹੀ ਦੇ ਦੀਵੇ" ਦੀ ਭਾਨੀ ਜਗਸੀਰ ਦੀ ਕਬਰ 'ਤੇ ਦੀਵਾ ਜਗਾਉਣ ਜਾਂਦੀ ਹੈ ਤਾਂ ਜੱਗ ਜਾਹਰ ਹੋ ਜਾਂਦੀ ਹੈ:

*ਤੂੰ ਮੇਰੇ ਰਾਜ਼ ਨੂੰ ਰਾਜ਼ ਹੀ ਰਹਿਣ ਦੇ।*
*ਦਿਲ ਨੂੰ ਤੂੰ ਬਿਰਹਾ ਦਾ ਸਾਜ਼ ਹੀ ਰਹਿਣ ਦੇ।*



*ਹਿਜਰ ਹੀ ਮੇਰੀ ਕਿਸਮਤ ਸੀ ਜੋ ਮਿਲ ਗਿਆ,*
*ਹਿਜਰ ਦੇ ਜ਼ਖ਼ਮ ਨੂੰ ਰਾਜ਼ ਹੀ ਰਹਿਣ ਦੇ।*

ਇਸੇ ਤਰ੍ਹਾਂ ਕਵੀ ਅਗੇ ਕਹਿੰਦਾ ਹੈ ਕਿ ਇਸ ਦਰਦ ਤੋਂ ਵੀ ਕਿਨਾਰਾ ਕਰਨਾ ਮੁਸ਼ਕਲ ਹੁੰਦਾ ਹੈ :

*ਜ਼ਿੰਦਗੀ ਦਰਦ ਦਾ ਕਾਫ਼ਲਾ ਹੈ।*
*ਪਿਆਰ ਦਾ ਪਰ ਦਿਲ 'ਚ ਵਲਵਲਾ ਹੈ।*

ਬਲਦੇਵ ਸੀਹਰੇ ਦੀਆਂ ਗ਼ਜ਼ਲਾਂ ਵਿਚ ਮੁੱਖ ਬਿੰਬ – ਸੂਰਤ, ਛਾਂ, ਰਾਤ, ਹਨੇਰਾ, ਰੌਸ਼ਨੀ, ਜੁਗਨੂੰ, ਬੱਦਲ, ਫੁੱਲ, ਬਾਗ, ਪੱਤਝੜ, ਦਰਦ, ਕੰਡੇ, ਦੀਵੇ, ਝੋਰਾ, ਉਦਾਸੀ, ਯਾਦ, ਵਸਲ, ਵਿਛੋੜਾ, ਤੇ ਬੇਰੁੱਖੀ ਵਰਗੇ ਸੂਖਮ ਬਿੰਬ ਕਵਿਤਾ ਨੂੰ ਰੌਚਕ ਬਣਾਈ ਰੱਖਦੇ ਹਨ। ਮਨ ਵਿਚ ਬੇਸ਼ਕ ਇਕ ਪਛਤਾਵਾ ਰਹਿੰਦਾ ਹੈ ਕਿ ਉਮਰ ਭਰ ਇਕ ਬੇਵਫ਼ਾ ਇਸ਼ਕ ਦਾ ਮੁਰੀਦ ਬਣੇ ਰਹਿਣ ਦੀਆਂ ਕਸਮਾਂ, ਇਕ ਤਲਾਸ਼ ਇਕ ਖੋਜ ਵਿਚ ਜ਼ਿੰਦਗੀ ਲੰਘਦੀ ਜਾ ਰਹੀ ਹੈ, ਤੇ ਕਵੀ ਕਹਿੰਦਾ ਹੈ,

*ਵਰਜਿਆ ਦਿਲ ਨੂੰ ਸੀ ਮੈਂ ਬਹੁਤ ਪਰ,*
*ਨਾ ਇਹ ਟਲਿਆ ਇਹ ਤਾਂ ਮਨਚਲਾ ਹੈ।*

*ਜ਼ਿੰਦ ਮੁਕਣੀ ਤੇਰੀ ਆਰਜ਼ੂ ਵਿਚ,*
*ਹਸ਼ਰ ਤਕ ਤੜਪ ਦਾ ਕਾਫ਼ਲਾ ਹੈ।*

*ਇਸ਼ਕ ਤੇਰੇ 'ਚ ਦਿਨ ਰਾਤ ਤੜਪੇ,*
*ਦੇਵ ਤੇਰਾ ਨਿਰਾ ਦਿਲਜਲਾ ਹੈ।*

ਕਵੀ ਸਾਰੀਆਂ ਆਸਾਂ ਛੱਡ ਇਸ ਨਿਰੰਤਰ ਬਿਰਹਾ ਦੇ ਦਰਿਆ ਵਿਚ ਵਹਿੰਦਾ ਹੀ ਜਾਂਦਾ ਹੈ:

*"ਜ਼ਿੰਦਗੀ ਤਾਂ ਬਣ ਗਈ ਤੇਰੀ ਉਡੀਕ,*
*ਮੇਰੇ ਹੱਕ ਵਿਚ ਤੂੰ ਨਾ ਕੀਤੇ ਫ਼ੈਸਲੇ"*

*ਤੂੰ ਵਿਜੋਗੀ ਦੇਵ ਨੂੰ ਹੁਣ ਆ ਕੇ ਮਿਲ,*
*ਟੁੱਟ ਰਹੇ ਨੇ ਸਾਹਾਂ ਵਾਲੇ ਸਿਲਸਿਲੇ"।*

ਇਹ ਕਵਿਤਾ ਉਹਨਾਂ ਆਸ਼ਕਾਂ ਦੀ ਸ਼ਾਹਦੀ ਭਰਦੀ ਹੈ ਜੋ ਉਮਰ ਭਰ ਆਪੇ ਇਕ ਸੂਲੀ ਗੱਡ ਕੇ ਆਪ ਹੀ ਇਸ 'ਤੇ ਚੜ੍ਹ ਆਪ ਹੀ ਕੁਰਬਾਨ ਹੋਣ ਦੀ ਸਜ਼ਾ ਆਪਣੇ ਆਪ ਨੂੰ ਦਿੰਦੇ ਰਹਿੰਦੇ ਹਨ। ਸ਼ਹਾਦਤ ਦਾ ਜਨੂੰਨ ਵੀ ਇਕ ਦਿਲਚਸਪ ਮਾਜਰਾ ਹੈ ਇਹ ਇਕ ਮਾਨਸਿਕਤਾ ਦਾ ਨਿਰੰਤਰ ਵਗਦਾ ਦਰਿਆ ਹੈ ਜਿਸ ਵਿਚ ਇਨਸਾਨ ਤਰਦਾ ਜਾਂਦਾ ਹੈ ਕਿ ਕਿਤੇ ਨਾ ਕਿਤੇ ਕਿਨਾਰਾ ਮਿਲ ਜਾਏਗਾ। ਸ਼ਹਾਦਤ ਦਾ ਰੁਮਾਂਸ ਇਨਸਾਨ ਨੂੰ ਤੱਪਦੇ ਮਾਰੂਥਲਾਂ ਵਿਚ ਕਿਸੇ ਸੱਸੀ ਦੀ ਭਾਲ ਵਿਚ ਲੈ ਜਾਂਦਾ ਹੈ ਕਿਸੇ ਫਰਿਹਾਦ ਦੇ ਹੱਥ ਵਿਚ ਉਮਰ ਭਰ ਇਕ ਤੇਸ਼ਾ ਫੜ੍ਹਾ ਦੇਂਦਾ ਹੈ ਤੇ ਉਹ ਸਾਰੀ ਉਮਰ ਇਕ ਪੱਥਰੀਲਾ ਪਹਾੜ ਕੱਟਦਾ ਰਹਿੰਦਾ ਹੈ, ਜਾਂ ਕੋਈ ਜਗੀਰਦਾਰ ਰਾਝਾਂ ਕਿਸੇ ਹੀਰ ਦੀਆਂ ਮੱਝੀਆਂ ਚਾਰਨ ਦੀ ਚਾਕਰੀ ਕਰਨ ਦੀ ਸਜ਼ਾ ਆਪਣੇ ਆਪ ਨੂੰ  ਦਿੰਦਾ ਹੈ।

ਅੰਤ ਵਿਚ ਮੈਂ ਪਾਠਕਾਂ ਦੇ ਧਿਆਨ ਵਿਚ ਇਹ ਕਹਿਣਾ ਚਾਹੁੰਨੀ ਹਾਂ ਕਿ ਐਬਟਸਫੋਰਡ ਦੇ ਵਿਚ ਰਚੇ ਜਾਂਦੇ ਸਾਹਿਤ ਅਤੇ ਸ਼ਾਇਰੀ ਬਹੁਤ ਸੰਭਾਵਨਾ ਭਰਪੂਰ ਹੈ, ਇਸ ਨੇ ਪਿਛਲੇ ਪੰਜ ਸਾਲਾਂ ਵਿਚ ਲੰਮੀਆਂ ਉਲਾਂਘਾਂ ਪੁੱਟੀਆਂ ਹਨ ਤੇ ਕੈਨੇਡਾ ਦੇ ਬਾਕੀ ਰਚੇ ਜਾਂਦੇ ਸਾਹਿਤ ਦੇ ਹਾਣ ਦੀ ਹੋਈ ਹੈ। ਪੰਜਾਬੀ ਸਾਹਿਤ ਸਭਾ ਵਲੋਂ ਬਲਦੇਵ ਸੀਹਰੇ ਦੇ ਇਸ ਨਵੇਂ ਗ਼ਜ਼ਲ ਸੰਗ੍ਰਹਿ ਦਾ ਸੁਆਗਤ ਹੈ ਅਤੇ ਉਸ ਤੋਂ ਭਵਿੱਖ ਵਿਚ ਹੋਰ ਆਸਾਂ ਰੱਖੀਆਂ ਜਾ ਸਕਦੀਆਂ ਹਨ ਕਿ ਉਸ ਦਾ ਕਾਵਿਕ ਸਫ਼ਰ ਰੁਮਾਂਸਵਾਦ ਦੇ ਭਰਮ ਭੁਲੇਖੇ 'ਚੋਂ ਨਿਕਲ ਆਏਗਾ ਤੇ ਇਥੇ ਹੀ ਕਿਤੇ ਦਿਸਦੀ ਆਸ ਪਾਸ ਵਿਚਰਦੀ ਸਮਾਜਿਕ ਯਥਾਰਥ ਦੀ ਸੜਕ 'ਤੇ ਆਪਣਾ ਸਫ਼ਰ ਸ਼ੁਰੂ ਕਰ ਦੇਵੇਗਾ।

*-ਸੁਰਜੀਤ ਕਲਸੀ,*
*ਕੈਨੇਡਾ*



## ਆਪਣੇ ਵਲੋਂ

ਮੇਰਾ ਸਫ਼ਰ ਇਕ ਛੋਟੇ ਜਿਹੇ ਪਿੰਡ ਨੰਗਲ ਖੂੰਗਾ ਤੋਂ ਸ਼ੁਰੂ ਹੋਇਆ। ਜੋ ਕਿ ਟਾਂਡਾ ਉੜਮੁੜ ਤੋਂ ਤਿੰਨ ਕੁ ਕਿਲੋਮੀਟਰ ਦੂਰ ਜਿਲਾ ਹੁਸ਼ਿਆਰਪੁਰ ਵਿਚ ਸਥਿਤ ਹੈ। ਮੁਢਲੀ ਪੜ੍ਹਾਈ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਟਾਂਡਾ ਉੜਮੁੜ ਤੋਂ ਹਾਸਿਲ ਕਰਨ ਮਗਰੋਂ ਮੈਂ ਗੌਰਮਿੰਟ ਕਾਲਜ ਟਾਂਡਾ ਉੜਮੁੜ ਵਿਖੇ ਪ੍ਰੀ-ਮੈਡੀਕਲ ਵਿਚ ਦਾਖ਼ਲਾ ਲੈ ਲਿਆ। ਪ੍ਰੀ-ਮੈਡੀਕਲ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਮਨ ਵਿਚ ਅੱਗੇ ਪੜ੍ਹਨੇ ਦਾ ਸ਼ੌਕ ਜਾਗਿਆ। ਇਸੇ ਸਦਕਾ ਮੈਂ ਪੰਜਾਬ ਯੂਨੀਵਰਸਿਟੀ ਵਿਚ ਦਾਖ਼ਲਾ ਲੈਣ ਲਈ ਚੰਡੀਗੜ੍ਹ ਚਲਾ ਗਿਆ। ਮੈਨੂੰ ਕਈ ਵਿਸ਼ਿਆਂ ਤੇ ਐਮ. ਐਸ. ਸੀ. ਕਰਨ ਦਾ ਮੌਕਾ ਮਿਲਿਆ ਪਰ ਮੈਂ ਬੌਟਨੀ (ਪੌਦਾ ਵਿਗਿਆਨ) ਵਿਚ ਦਾਖ਼ਲਾ ਲੈ ਕੇ ਆਪਣੀ ਵਿਦਿਆ ਐਮ. ਐਸ. ਸੀ (ਔਨਰਜ਼) ਬੌਟਨੀ 1971 ਵਿਚ ਸਮਾਪਤ ਕੀਤੀ।

ਮੈਂ ਐਮ. ਐਸ. ਸੀ (ਔਨਰਜ਼) ਕਰਨ ਉਪਰੰਤ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26, ਚੰਡੀਗੜ੍ਹ ਵਿਚ ਬੌਟਨੀ ਦੇ ਪ੍ਰੋਫ਼ੈਸਰ ਬਤੌਰ ਆਪਣਾ ਸਫ਼ਰ ਸ਼ੁਰੂ ਕੀਤਾ। ਮੇਰੀ ਪਰਵਾਸ ਜਾਣ ਦੀ ਇੱਛਾ ਬੜੀ ਹੀ ਪ੍ਰਬਲ ਹੋਣ ਕਾਰਨ ਮੈਂ ਅਕਸਰ ਬਾਹਰਲੇ ਮੁਲਕਾਂ ਵਿਚ ਕਿਸਮਤ ਅਜਮਾਉਣ ਲੱਗਾ। 1973 ਵਿਚ ਮੈਨੂੰ ਫੀਜੀ ਆਈਲੈਂਡ ਵਿਚ ਬਤੌਰ ਬਾਈਓਲੋਜੀ ਲੈਕਚਰਾਰ, ਬਾਈਓਲੋਜੀ ਪੜ੍ਹਾਉਣ ਲਈ ਨੌਕਰੀ ਮਿਲੀ ਤੇ ਛੇਤੀ ਹੀ ਉਥੇ ਪੜ੍ਹਾਉਣ ਲਈ ਚਲਾ ਗਿਆ। ਇਸੇ ਸੁੰਦਰ ਦੇਸ਼ ਵਿਚ ਹੀ ਮੈਂ ਆਪਣੀ ਸਾਹਾਂ ਦੀ ਸਾਥਣ ਰਵਿੰਦਰ ਨੂੰ ਚੰਡੀਗੜ੍ਹ ਤੋਂ ਬੁਲਾ ਕੇ ਵਿਆਹ ਕਰ ਲਿਆ। ਉਥੇ ਮੈਂ 10 ਸਾਲ ਇੰਡੀਅਨ ਕਾਲਜ ਤੇ ਖ਼ਾਲਸਾ ਕਾਲਜ ਵਿਚ ਅਧਿਆਪਨ ਦਾ ਕੰਮ ਕੀਤਾ। ਇਸੇ ਦੌਰਾਨ ਸਾਡੇ ਘਰ ਬੇਟੇ ਵਿਕਰਮਜੀਤ ਨੇ ਜਨਮ ਲਿਆ।

ਜਿਵੇਂ ਕਿ ਹਰ ਇਨਸਾਨ ਦੇ ਅਗਾਂਹ ਵਧਣ ਦੇ ਜਜ਼ਬਾਤ ਹੁੰਦੇ ਹਨ ਮੇਰੇ ਉੱਪਰ ਵੀ ਉਹ ਬਹੁਤ ਭਾਰੂ ਸਨ। ਮਨ ਦੀ ਇਹੀ ਕਸ਼ਮਕਸ਼ ਮੈਨੂੰ ਕਨੇਡਾ ਵਿਚ ਉੱਚ ਵਿਦਿਆ ਹਾਸਿਲ ਕਰਨ ਲਈ ਲੈ ਆਈ। ਮੈਂ 1982 ਵਿਚ ਸਾਈਮਨ ਫ਼ਰੇਜ਼ਰ ਯੂਨੀਵਰਸਿਟੀ, ਬ੍ਰਿਟਿਸ਼ ਕੋਲੰਬੀਆ (Simon Fraser University, Brit-

ish Columbia) ਵਿਚ ਮਾਸਟ੍ਰਜ਼ ਔਫ਼ ਪੈਸਟ ਮੈਨੇਜਮੈਂਟ (Master of Pest Management) ਦੀ ਡਿਗਰੀ ਕਰਨ ਲਈ ਐਡਮਿਸ਼ਨ ਲੈ ਲਿਆ ਅਤੇ ਆਪਣੀ ਪਤਨੀ ਰਵਿੰਦਰ ਸੀਹਰਾ ਤੇ ਛੋਟੇ ਬੱਚੇ ਵਿਕਰਮਜੀਤ ਨਾਲ ਵੈਨਕੂਵਰ ਪਹੁੰਚ ਗਿਆ। ਪੜ੍ਹਦੇ ਸਮੇਂ ਮੈਂ ਸ੍ਰ. ਦੀਦਾਰ ਸਿੰਘ ਬੈਂਸ ਯੂਬਾ ਸਿਟੀ ਵਾਲੇ ਦੇ ਸੰਪਰਕ ਵਿਚ ਆਇਆ। ਉਨ੍ਹਾਂ ਦਾ ਨਾਮ ਦੁਨੀਆਂ ਦੇ ਸਭ ਤੋਂ ਵਡੇ ਜ਼ੀਮੀਦਾਰਾਂ ਵਿਚ ਇਕ ਹੈ। ਉਨ੍ਹਾਂ ਦੇ ਕਨੇਡਾ ਵਾਲੇ ਫ਼ਾਰਮਾਂ ਵਿਚ ਮੈਨੂੰ ਫ਼ਾਰਮ ਮੈਨੇਜਰ ਦਾ ਕੰਮ ਕਰਨ ਦਾ ਮੌਕਾ ਮਿਲਿਆ। ਇਸੇ ਦੌਰਾਨ ਮੈਨੂੰ ਮਨਿਸਟਰੀ ਔਫ਼ ਐਗਰੀਕਲਚਰ, ਬ੍ਰਿਟਿਸ਼ ਕੋਲੰਬੀਆ ਵਿਚ ਨੌਕਰੀ ਮਿਲੀ। ਸਾਈਮਨ ਫ਼ਰੇਜ਼ਰ ਤੋਂ ਐਮ. ਪੀ ਐਮ ਦੀ ਡਿਗਰੀ ਹਾਸਿਲ ਕਰਨ ਮਗਰੋਂ ਮੈਨੂੰ ਵਰਕਸੇਫ਼ ਬੀ. ਸੀ. (ਵਰਕਰਜ਼ ਕੰਪਨਸੇਸ਼ਨ ਬੋਰਡ ਔਫ਼ ਬ੍ਰਿਟਿਸ਼ ਕੋਲੰਮਬੀਆ) ਵਿਚ ਨੌਕਰੀ ਮਿਲ ਗਈ ਅਤੇ ਮੈਂ ਪਿਛਲੇ 21 ਵਰ੍ਹਿਆਂ ਤੋਂ ਔਕੂਪੇਸ਼ਨਲ ਹੈਲਥ ਐਂਡ ਸੇਫ਼ਟੀ ਅਫ਼ਸਰ ਬਤੌਰ ਸੇਵਾ ਨਿਭਾ ਰਿਹਾ ਹਾਂ। ਜ਼ਿੰਦਗੀ ਅਗਾਂਹ ਵਧਦੀ ਗਈ ਤੇ ਸਾਡੇ ਘਰ ਬੇਟੀ ਚੰਨਪ੍ਰੀਤ ਤੇ ਬੇਟੇ ਅਰਸ਼ਜੀਤ ਨੇ ਜਨਮ ਲਿਆ।

ਜ਼ਿੰਦਗੀ ਵਿਚ ਮੈਂ ਕਈ ਪੜਾਵਾਂ ਵਿਚੋਂ ਗੁਜ਼ਰਿਆ ਤੇ ਕਈ ਰੰਗ ਵੇਖੇ। ਇਨ੍ਹਾਂ ਰੰਗਾਂ ਵਿਚੋਂ ਕਿਸੇ ਇਕ ਨਾਲ ਪਿਆਰ ਹੋ ਜਾਣਾ ਸੁਭਾਵਿਕ ਹੀ ਸੀ ਤੇ ਉਹ ਸੀ ਮੇਰੀਆਂ ਦਿਲ ਦੀਆਂ ਗਹਿਰਾਈਆਂ ਨੂੰ ਮਹਿਸੂਸ ਕਰਕੇ ਲਿਖਣ ਦਾ ਸ਼ੌਂਕ ਜੋ ਕਿ ਵਿਆਹ ਤੋਂ ਬਾਅਦ ਉਭਰ ਕੇ ਆਇਆ। ਵਿਆਹ ਤੋਂ ਬਾਅਦ ਮੈਂ ਥੋੜਾ ਬਹੁਤ ਲਿਖਿਆ ਕਰਦਾ ਸੀ ਪਰ ਇਹ ਸ਼ੌਂਕ ਆਪਣੇ ਅਤੇ ਆਪਣੀ ਸਾਥਣ ਤੱਕ ਹੀ ਸੀਮਤ ਰਿਹਾ। ਮੈਂ ਗਾਹੇ ਬਗਾਹੇ ਲਿਖਦਾ ਰਿਹਾ ਪਰ ਜ਼ਿੰਦਗੀ ਦਿਆਂ ਹੋਰ ਰੁਝੇਵਿਆਂ ਕਾਰਨ ਇਹ ਸ਼ੌਂਕ ਮੱਧਮ ਹੀ ਰਿਹਾ। ਕਨੇਡਾ ਆਉਣ ਮਗਰੋਂ ਸੋਚਿਆ ਕਿ ਮੈਂ ਵੀ ਕੁਝ ਰਚਨਾਵਾਂ ਲਿਖਾਂ। ਕੁੱਝ ਸਮਾ ਮਿਲਿਆ ਤੇ ਮੈਂ ਗਾਹੇ ਬਗਾਹੇ ਲਿਖਣ ਲੱਗਾ। ਅਕਸਰ ਮੇਰੀ ਸੁਪੱਤਨੀ ਜਿਨ੍ਹਾਂ ਨੇ ਸ਼ਾਸਤਰੀ ਰਾਗ ਵਿਦਿਆ 'ਚ ਬੀ. ਏ ਕੀਤੀ ਹੋਈ ਹੈ ਉਹ ਕਦੇ ਕਦੇ ਇਨ੍ਹਾਂ ਗ਼ਜ਼ਲਾਂ ਦੀ ਸੋਧ ਕਰਦੇ ਅਤੇ ਰਾਗਾਂ ਵਿਚ ਪਰੋਅ ਕੇ ਗਾਉਂਦੇ। ਮੇਰੀ ਵੱਡੀ ਭੈਣ ਕਮਲਜੀਤ ਸੀਹਰਾ ਵੀ ਇਨ੍ਹਾਂ ਨੂੰ ਗਾਹੇ ਬਗਾਹੇ ਪੜ੍ਹਦੇ ਅਤੇ ਪਰੂਫ਼ ਰੀਡਿੰਗ ਵਿਚ ਮੱਦਦ ਕਰਦੇ। ਹੋਰ ਦੋਸਤ ਮਿੱਤਰ ਵੀ ਪੜ੍ਹਦੇ, ਸੁਣਦੇ ਅਤੇ ਮੈਨੂੰ ਹਲਾਸ਼ੇਰੀ ਦਿੰਦੇ। ਇਸੇ ਦੌਰਾਨ ਮੈਂ ਲੋਕਲ ਅਖ਼ਬਾਰਾਂ ਵਿਚ ਵੀ ਆਪਣੀਆਂ ਰਚਨਾਵਾਂ ਛਾਪਣ ਨੂੰ ਭੇਜਦਾ ਤੇ ਲੋਕਾਂ ਦੀ ਫ਼ੀਡਬੈਕ ਮਿਲਣ ਲੱਗੀ।

2010 ਵਿਚ ਮੈਂ ਪਹਿਲਾ ਕਾਵਿ ਸੰਗ੍ਰਹਿ (ਰਚਨਾਵਾਂ) "ਅਧੂਰੇ ਖ਼ਾਬ" ਦੇ ਨਾਂ ਹੇਠ ਪਾਠਕਾਂ ਦੀ ਝੋਲੀ ਪਾਇਆ। ਇਸੇ ਦੌਰਾਨ ਮੈਂ ਪੰਜਾਬੀ ਸਾਹਿਤ ਸਭਾ



ਐਬਟਸਫ਼ੋਰਡ (ਰਜਿ.) ਦਾ ਮੈਂਬਰ ਬਣਿਆ ਤੇ ਹੁਣ ਐਗਜ਼ੈਕਟਿਵ ਮੈਂਬਰ ਦੀ ਹੈਸੀਅਤ ਨਾਲ ਆਪਣਾ ਅਹੁਦਾ ਨਿਭਾ ਰਿਹਾ ਹਾਂ। ਸਭਾ ਦੇ ਸਮਾਗਮਾਂ ਅਤੇ ਕਵੀ ਦਰਬਾਰਾਂ ਵਿਚ ਆਪਣੀਆਂ ਰਚਨਾਵਾਂ ਪੇਸ਼ ਕਰਨ ਦੇ ਮੌਕੇ ਮਿਲੇ। ਸਾਰਿਆਂ ਵਲੋਂ ਦਿੱਤੀ ਹੌਸਲਾ ਅਫ਼ਜਾਈ ਨੇ ਮੈਨੂੰ ਦੂਸਰੀ ਪੁਸਤਕ ਲਿਖਣ ਲਈ ਪ੍ਰੇਰਿਤ ਕੀਤਾ। ਇਸ ਲਈ ਮੈਂ ਸਾਰੇ ਸਜਣਾ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀਆਂ ਗ਼ਜ਼ਲਾਂ ਪੜੀਆਂ, ਪਾਰਖੂ ਨਜ਼ਰਾਂ ਨਾਲ ਘੋਖੀਆਂ, ਸੁਣੀਆਂ ਤੇ ਆਪਣੇ ਉਸਾਰੂ ਸੁਝਾਵਾਂ ਨਾਲ ਮਾਣ ਬਖ਼ਸ਼ਿਆ। ਇਥੇ ਕੁਝ ਕੁ ਨਾਮ ਵਰਨਣ ਯੋਗ ਹਨ ਜਿਨ੍ਹਾਂ ਦੀ ਬਦੌਲਤ ਇਹ ਗ਼ਜ਼ਲ ਸੰਗ੍ਰਹਿ ਤੁਹਾਡੇ ਤੱਕ ਪਹੁੰਚਾਉਣ ਵਿਚ ਸਫ਼ਲ ਹੋਇਆ ਹਾਂ:

- ਗ਼ਜ਼ਲ ਗੋਅ ਜਨਾਬ ਨਦੀਮ ਪਰਮਾਰ ਜੀ, ਜੋ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਹਨ। ਉਨ੍ਹਾਂ ਦਾ ਗ਼ਜ਼ਲਗੋਈ ਦੀ ਦੁਨੀਆਂ 'ਚ ਆਪਣਾ ਇਕ ਮੁਕਾਮ ਹੈ। ਉਨ੍ਹਾਂ ਨੇ ਆਪਣਾ ਵਡਮੁੱਲਾ ਵਕਤ ਮੈਨੂੰ ਦੇ ਕੇ ਮੇਰੀਆਂ ਗ਼ਜ਼ਲਾਂ ਨੂੰ ਪੜ੍ਹਿਆ, ਘੋਖਿਆ, ਤੇ ਉਸਾਰੂ ਸੁਝਾਵਾਂ ਨਾਲ ਹੌਸਲਾ ਬੁਲੰਦ ਕੀਤਾ।

- ਮੇਰੀ ਸਾਥਣ ਰਵਿੰਦਰ ਕੌਰ ਸੀਹਰਾ ਜੀ, ਜਿਨ੍ਹਾਂ ਨੇ ਮੇਰੀਆਂ ਗ਼ਜ਼ਲਾਂ ਨੂੰ ਸੋਧਿਆ ਹੀ ਨਹੀਂ ਸਗੋਂ ਸੁਰਾਂ ਵਿਚ ਪਰੋਅ ਕੇ ਗਾਇਆ ਵੀ।

- ਬਾਈ ਅਜਮੇਰ ਰੋਡੇ ਜੀ, ਜੋ ਕਿ ਇਕ ਵਿਸ਼ਵ ਪ੍ਰਸਿੱਧ ਕਵੀ ਹਨ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਮੈਨੂੰ ਦਿੱਤਾ ਤੇ ਉਸਾਰੂ ਲਿਖਣ ਵਾਸਤੇ ਹੱਲਾਸ਼ੇਰੀ ਦਿੱਤੀ।

- ਬੀਬੀ ਸੁਰਜੀਤ ਕਲਸੀ ਜੀ, ਜਿਨ੍ਹਾਂ ਨੇ ਮੇਰੀਆਂ ਗ਼ਜ਼ਲਾਂ ਨੂੰ ਪੜ੍ਹਿਆ, ਸੁਣਿਆ ਤੇ ਹੋਰ ਅਗਾਂਹਵਧੂ ਸੋਚ ਵਿਚ ਲਿਖਣ ਲਈ ਪਰੇਰਿਆ।

- ਮੇਰਾ ਛੋਟਾ ਵੀਰ ਦਵਿੰਦਰ ਪੂਨੀਆ, ਜਿਸ ਨੇ ਗ਼ਜ਼ਲਾਂ ਦਾ ਖ਼ਰੜਾ ਪੜਿਆ, ਘੋਖਿਆ ਸੋਧਿਆ ਅਤੇ ਪੈਰ ਪੈਰ ਤੇ ਹੌਂਸਲਾ ਵਧਾਇਆ।

- ਪੰਜਾਬੀ ਸਾਹਿਤ ਸਭਾ ਐਬੋਟਸਫ਼ੋਰਡ (ਰਜਿ.) ਦੇ ਮੈਂਬਰਾਂ ਦਾ ਜਿਨ੍ਹਾਂ ਨੇ ਗ਼ਜ਼ਲਾਂ ਸੁਣ ਕੇ ਉਤਸ਼ਾਹਿਤ ਕੀਤਾ।

- "ਦੇਵ" ਦੂਰ ਦੁਰਾਡੇ ਬੈਠੇ ਸਜਣਾਂ ਦਾ ਵੀ ਤਹਿ ਦਿਲੋਂ ਮਸ਼ਕੂਰ ਹੈ ਜੋ ਸਦਾ ਸੁਹਿਰਦ ਭਾਏ ਦਿੰਦੇ ਰਹੇ ਅਤੇ ਜਿਨ੍ਹਾਂ ਦੀ ਪ੍ਰੇਰਣਾ ਤੇ ਉਤਸ਼ਾਹ ਸਦਕਾ ਇਹ ਗ਼ਜ਼ਲ ਸੰਗ੍ਰਹਿ ਪੂਰਾ ਹੋ ਸਕਿਆ ਹੈ।

ਲੇਖਕ ਇਸ ਸਮੇ ਆਪਣੀ ਪਤਨੀ, ਭੈਣ, ਬੇਟੇ ਵਿਕਰਮਜੀਤ ਸੀਹਰਾ ਉਸ ਦੀ ਪਤਨੀ ਸਤਪ੍ਰੀਤ ਸ਼ੇਰਗਿੱਲ-ਸੀਹਰਾ ਤੇ ਉਨ੍ਹਾਂ ਦੇ ਦੋ ਬੇਟੇ ਸਾਹਿਬ ਸ਼ੇਰਗਿੱਲ-ਸੀਹਰਾ, ਅਮਰ ਸ਼ੇਰਗਿੱਲ-ਸੀਹਰਾ, ਬੇਟੀ ਚੰਨਪ੍ਰੀਤ ਢਿਲੋਂ ਤੇ ਉਸਦੇ ਪਤੀ ਅਵਰਿੰਦਰ ਢਿਲੋਂ ਅਤੇ ਛੋਟੇ ਬੇਟੇ ਅਰਸ਼ਜੀਤ ਸੀਹਰਾ ਨਾਲ ਕਨੇਡਾ ਵਿਚ ਰਹਿ ਰਿਹਾ ਹੈ।

ਇਹ ਗ਼ਜ਼ਲਾਂ ਦੀ ਪੁਸਤਕ ਮੈਂ ਪਾਠਕਾਂ ਦੀ ਝੋਲੀ ਪਾ ਰਿਹਾ ਹਾਂ। ਇਹ ਮੇਰੇ ਜ਼ਾਤੀ ਜਜ਼ਬਾਤ ਅਤੇ ਨਿੱਜੀ ਸੋਚ ਵਿਚਾਰ ਹਨ। ਪਾਠਕਾਂ ਦਾ ਇਨ੍ਹਾਂ ਜਜ਼ਬਾਤਾ ਨਾਲ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ।

*ਬਲਦੇਵ (ਦੇਵ) ਸੀਹਰਾ*
*4383 ਬਊਂਡਰੀ ਰੋਡ*
*ਐਬੋਟਸਫੋਰਡ, ਬੀ. ਸੀ.*
*(604) 823-6106*
*baldev.seehra@worksafebc.com*
*&*
*Crabs4755@gmail.com*



## ਬੜੇ ਹੁੰਦੇ ਨੇ ਸੰਗਦਿਲ

ਬੜੇ ਤੰਗਦਿਲ ਨੇ ਸਮਾਜਾਂ ਦੇ ਘੇਰੇ
ਬਧਾ ਆਪਣੀਆਂ ਹੀ ਤੂੰ ਸੋਚਾਂ ਦੇ ਘੇਰੇ

ਮੇਰੀ ਉਮਰ ਭਾਵੇਂ ਹੈ ਢਲਦੀ ਹੀ ਜਾਂਦੀ
ਮਗਰ ਜਗਮਗਾਉਂਦੇ ਨੇ ਆਸਾਂ ਦੇ ਘੇਰੇ

ਤੂੰ ਲੁਕ ਨਾ ਸਕੇਂਗਾ ਲੁਕੀਂ ਲੱਖ ਭਾਵੇਂ
ਮੈਂ ਤੋੜਾਂਗਾ ਅਰਸ਼ਾਂ ਪਤਾਲਾਂ ਦੇ ਘੇਰੇ

ਤੂੰ ਆ ਕੇ ਸਿਫ਼ਰ ਕਰਦੇ ਸਾਰੇ ਗ਼ਮਾਂ ਨੂੰ
ਅਜ਼ਲ ਤੋਂ ਹੰਢਾਏ ਮੈਂ ਹਿਜਰਾਂ ਦੇ ਘੇਰੇ

ਮੈਂ ਕੋਸ਼ਿਸ਼ ਤਾਂ ਕੀਤੀ ਰਹਾਂ ਹਾਸ਼ੀਏ ਵਿਚ
ਬੜੇ ਔਖੇ ਨੇ ਪਰ ਸਵਾਲਾਂ ਦੇ ਘੇਰੇ

ਹੈ ਰੋ ਰੋ ਕੇ ਆਖ਼ਿਰ ਨੂੰ ਚੁੱਪ ਕਰ ਗਿਆ ਦੇਵ
ਅਜ਼ਾਦੀ ਨਾ ਦਿੰਦੇ ਇਹ ਯਾਦਾਂ ਦੇ ਘੇਰੇ

*ਮਾਰਚ 14 2012*

## ਉਹ ਵਿਖਾਉਂਦਾ ਰਿਹਾ

ਉਹ ਵਿਖਾਉਂਦਾ ਰਿਹਾ ਖ਼ਾਬ ਸਭ ਮਨਚਲੇ
ਰਹਿ ਗਏ ਫ਼ਰਜ਼ ਵਿਚ ਹੀ ਫ਼ਸੇ ਦਿਲਜਲੇ

ਚਾਲ ਉਸਦੀ ਦਾ ਮੈਨੂੰ ਪਤਾ ਨਾ ਰਿਹਾ
ਉਸਨੇ ਪਾਏ ਭੁਲੇਖੇ ਹੀ ਮਿਲਕੇ ਗਲੇ

ਕਾਫ਼ਲਾ ਇਉਂ ਗ਼ਮਾਂ ਦਾ ਸੀ ਚਲਦਾ ਗਿਆ
ਹਰ ਕਦਮ ਤੇ ਅਸੀਂ ਝੱਲੇ ਨੇ ਜ਼ਲਜ਼ਲੇ

ਤੂੰ ਸਦਾ ਨਾ ਰਹੇਂ ਲਹਿਰ ਦੀ ਸ਼ਿਖ਼ਰ 'ਤੇ
ਖ਼ਤਮ ਹੋ ਜਾਏਂਗਾ ਪਾਣੀ ਦੇ ਬੁਲਬੁਲੇ

ਆਪਣੇ ਆਪ ਤੋਂ ਦੇਵ ਨਫ਼ਰਤ ਕਰੇ
ਉਸਨੂੰ ਖਾ ਹੀ ਗਏ ਇਸ਼ਕ ਦੇ ਵਲਵਲੇ

ਦੇਵ ਨੂੰ ਸਮਝ ਖ਼ੁਦਗਰਜ਼ ਨਾ ਆ ਸਕੇ
ਦੇਰ ਤੋਂ ਇੰਜ ਹੀ ਚਲ ਰਹੇ ਸਿਲਸਿਲੇ

*ਅਪਰੈਲ 10 2012*



## ਰੋ ਰਿਹਾ ਕਿਉਂ ਅੱਜ ਕਲ

ਰੋ ਰਿਹਾ ਕਿਉਂ ਅੱਜਕਲ ਇਨਸਾਨ ਹੈ
ਆਪ ਹੀ ਉਹ ਆਪਣਾ ਅਪਮਾਨ ਹੈ

ਉਸਦੀ ਹਾਲਤ ਅੱਜਕਲ ਗੰਭੀਰ ਹੈ
ਅੰਨਦਾਤਾ ਜੱਗ ਦਾ ਕਿਰਸਾਨ ਹੈ

ਫ਼ਸਲ ਦਾ ਮਿਲਦਾ ਨਹੀਂ ਹੈ ਮੁੱਲ ਸਹੀ
ਮੰਦਰਾਂ ਨੂੰ ਮਿਲ ਰਿਹਾ ਪਰ ਦਾਨ ਹੈ

ਲੀਡਰਾਂ ਨੇ ਕਰ ਹੀ ਦਿੱਤਾ ਖੋਖਲਾ
ਜੁਰਮ ਵਿਚ ਬਦਨਾਮ ਹਿੰਦੁਸਤਾਨ ਹੈ

ਰਹਿ ਗਿਆ ਹੈ ਰੱਬ ਦਾ ਤਾਂ ਨਾਮ ਹੀ
ਖੋ ਗਿਆ ਹਰ ਸ਼ਖ਼ਸ ਦਾ ਈਮਾਨ ਹੈ

ਜਿਸਨੂੰ ਵੇਖੋ ਹੋ ਗਿਆ ਹੈ ਲਾਲਚੀ
ਹਰ ਜਗ੍ਹਾ ਹੀ ਲਾਲਸਾ ਪਰਧਾਨ ਹੈ

ਦੇਵ ਰਿਸ਼ਵਤ ਰੀਤ ਹੈ ਹੁਣ ਦੇਸ਼ ਦੀ
ਦਿੱਤਿਆਂ ਬਿਨ ਕੁਝ ਵੀ ਨਾ ਆਸਾਨ ਹੈ

*ਸਤੰਬਰ 12 2012*

## ਪਿਆਰ ਵਿਚ ਮੈਨੂੰ ਤੂੰ

ਪਿਆਰ ਵਿਚ ਮੈਨੂੰ ਤੂੰ ਜ਼ਲੀਲ ਨਾ ਕਰ
ਬੇਯਕੀਨੀ ਨੂੰ ਤੂੰ ਵਕੀਲ ਨਾ ਕਰ

ਪਿਆਰ ਦੀ ਗੱਲ ਪਿਆਰ ਨਾਲ ਹੀ ਸੁਣ
ਗੱਲ ਕੋਈ ਵੀ ਬੇ-ਦਲੀਲ ਨਾ ਕਰ

ਤੇਰੇ ਕਦਮਾਂ 'ਚ ਸਿਰ ਪਿਆ ਮੇਰਾ
ਤੂੰ ਉਡੀਕਾਂ ਨੂੰ ਹੁਣ ਤਵੀਲ ਨਾ ਕਰ

ਡੁੱਬ ਜਾਵਾਂਗਾ ਮੈਂ ਸਦਾ ਦੇ ਲਈ
ਆਪਣੇ ਨੈਣਾਂ ਨੂੰ ਅੱਜ ਝੀਲ ਨਾ ਕਰ

ਚੀਕ ਹੀ ਮੇਰੀ ਤੇਰੇ ਤੱਕ ਜਾਵੇ
ਉੱਚੀ ਜਜ਼ਬਾਤ ਦੀ ਫ਼ਸੀਲ ਨਾ ਕਰ

ਉਹ ਨਾ ਸੁਣਦਾ ਹੈ ਮੇਰੇ ਦਿਲ ਦੀ ਸਦਾ
ਦੇਵ ਛੱਡ ਹੁਣ ਕੋਈ ਅਪੀਲ ਨਾ ਕਰ

*ਮਈ 01 2012*



## ਯਾਰ ਮੇਰੇ 'ਤੇ ਕੁਝ

ਯਾਰ ਮੇਰੇ 'ਤੇ ਕੁਝ ਕਰਮ ਕਰ ਦੇ
ਜ਼ਖ਼ਮ ਮੇਰੇ ਜਿਗਰ ਦੇ ਤੂੰ ਭਰ ਦੇ

ਖ਼ਤਮ ਜਾਂ ਤਾਂ ਤੂੰ ਮੇਰੇ ਗ਼ਮ ਕਰ ਦੇ
ਹੋਰ ਕੋਈ ਜਾਂ ਫ਼ਿਰ ਸਿਤਮ ਕਰ ਦੇ

ਭੁੱਲ ਜਾਵਾਂ ਮੈਂ ਹਰ ਪਰੇਸ਼ਾਨੀ
ਗ਼ਰਮ ਸਾਹਾਂ ਦੇ ਨਾਲ ਗਰਮ ਕਰ ਦੇ

ਤੰਗ ਹਾਂ ਮੈਂ ਗ਼ਮਾਂ ਦੇ ਜੀਵਨ ਤੋਂ
ਹੁਣ ਤੂੰ ਆ ਕੇ ਖ਼ੁਸ਼ੀ ਸਨਮ ਭਰ ਦੇ

ਦੇਵ ਸਿਰ ਧਰ ਦਏਗਾ ਕਦਮਾਂ 'ਤੇ
ਗਲ ਲਗਾ ਜਾਂ ਤੂੰ ਸਿਰ ਕਲਮ ਕਰ ਦੇ

*ਜੂਨ 15 2012*

## ਇਹ ਰਿਸ਼ਤਾ ਬੇਨਾਮ

ਇਹ ਰਿਸ਼ਤਾ ਬੇਨਾਮ ਰਹਿਣ ਦੇ
ਦੇਵ ਨੂੰ ਤੂੰ ਗੁਮਨਾਮ ਰਹਿਣ ਦੇ

ਰੀਝ ਸੀ ਮੇਰਾ ਰੁਤਬਾ ਹੁੰਦਾ
ਜਾ ਮੈਨੂੰ ਬਦਨਾਮ ਰਹਿਣ ਦੇ

ਰੁੱਖਾ ਜੀਵਨ ਮਾੜਾ ਰੱਬਾ
ਸਾਹਾਂ ਦਾ ਈਨਾਮ ਰਹਿਣ ਦੇ

ਆਪਣੇ ਕੋਲ ਸਵੇਰਾ ਰੱਖ ਲੈ
ਮੇਰੇ ਹਿੱਸੇ ਸ਼ਾਮ ਰਹਿਣ ਦੇ

ਮਰਜ਼ੀ ਕਰ ਤੂੰ ਹੁਣ ਨਾ ਆਵੀਂ
ਦੇਵ ਦੇ ਸਿਰ ਇਲਜ਼ਾਮ ਰਹਿਣ ਦੇ

*ਸਤੰਬਰ 09 2012*



## ਰਾਤ ਨੂੰ ਤੂੰ ਏਂ

ਰਾਤ ਨੂੰ ਤੂੰ ਏਂ ਰਾਤ ਦੀ ਗੱਲ
ਤੜਕੇ ਤੂੰ ਪਰਭਾਤ ਦੀ ਗੱਲ

ਮਿੱਠੇ ਮਿੱਠੇ ਵਾਅਦੇ ਤੇਰੇ
ਮੇਰੀ ਗੱਲ ਸੁਕਰਾਤ ਦੀ ਗੱਲ

ਔੜ ਹੀ ਔੜ ਹਰਿਕ ਮਨ 'ਤੇ ਹੈ
ਛੇੜੋ ਜੀ ਬਰਸਾਤ ਦੀ ਗੱਲ

ਉਹ ਦੁਨੀਆਂ ਨੂੰ ਲੱਭਣ ਤੁਰ ਪਏ
ਮੈਨੂੰ ਤੇਰੀ ਝਾਤ ਦੀ ਗੱਲ

ਹਉਮੈ ਹਉਮੈ ਰੌਲਾ ਰੱਪਾ
ਕਿੱਥੇ ਰੱਬ ਦੀ ਜ਼ਾਤ ਦੀ ਗੱਲ

ਪਰਛਾਵੇਂ ਮੈਂ ਕਰਦੇ ਵੇਖੇ
ਦੇਖ ਤੇਰੀ ਔਕਾਤ ਦੀ ਗੱਲ

*ਮਈ 09 2012*

## ਮੈ ਵਗਦਾ ਰਹਾਂਗਾ

ਮੈਂ ਵਗਦਾ ਰਹਾਂਗਾ ਮੈਂ ਪਾਣੀ ਰਹਾਂਗਾ
ਮੈਂ ਸ਼ੀਸ਼ੇ ਜਿਹਾ ਤੇਰਾ ਹਾਣੀ ਰਹਾਂਗਾ

ਤੂੰ ਕੋਈ ਵੀ ਨਾਂ ਦੇ ਤੂੰ ਕੁਝ ਵੀ ਕਹੀਂ ਪਰ
ਮੈਂ ਬਣਕੇ ਤੇਰੀ ਹੀ ਕਹਾਣੀ ਰਹਾਂਗਾ

ਤੂੰ ਸਾਵਣ ਘਟਾ ਵਾਂਗ ਮੇਰੇ ਤੇ ਬਰਸੀਂ
ਮੈਂ ਬਣਕੇ ਪਪੀਹੇ ਦੀ ਬਾਣੀ ਰਹਾਂਗਾ

ਬੜੇ ਰੁਤਬਿਆਂ ਦੀ ਨ ਹਉਮੈ ਹੈ ਕੋਈ
ਮੈਂ ਬਣਕੇ ਨਿਮਾਣਾ ਪ੍ਰਾਣੀ ਰਹਾਂਗਾ

ਤੂੰ ਲੱਭਣਾ ਹੈ ਮੈਨੂੰ ਮੈਂ ਆਉਣਾ ਨਜ਼ਰ ਨਾ
ਉਦੋਂ ਤੇਰੀ ਅੱਖ ਵਿਚ ਮੈਂ ਪਾਣੀ ਰਹਾਂਗਾ

*ਮਈ 11 2012*



## ਇਸ ਪਖੇਰੂ ਦੀ ਅਜਬ

ਇਸ ਪਖੇਰੂ ਦੀ ਅਜਬ ਪਰਵਾਜ਼ ਹੈ
ਮੇਰੇ ਦਿਲ ਦਾ ਆਪਣਾ ਅੰਦਾਜ਼ ਹੈ

ਜ਼ਿਕਰ ਮੈਂ ਤੇਰੇ ਖ਼ਤਾਂ ਦਾ ਕੀ ਕਰਾਂ
ਮੇਰੇ ਦਿਲ ਦਾ ਇਕ ਇਕੱਲਾ ਰਾਜ਼ ਹੈ

ਭਰ ਹੀ ਜਾਣੇ ਜ਼ਖ਼ਮ ਮੇਰੇ ਦੇ ਸਮਾਂ
ਪਰ ਤੇਰੀ ਤਾਂ ਹੋਰ ਹੀ ਆਵਾਜ਼ ਹੈ

ਮਰਜ਼ ਕੈਸੀ ਦੇ ਗਿਆ ਤੂੰ ਲਾ-ਇਲਾਜ
ਮੈਨੂੰ ਇਸ ਉੱਤੇ ਵੀ ਪੂਰਾ ਨਾਜ਼ ਹੈ

ਹਿਜਰ ਦਿੱਤਾ ਦੇਵ ਦੇ ਦਿਲ ਨੂੰ ਇਨਾਮ
ਤੇਰੀ ਧੁਨ 'ਤੇ ਵਜ ਰਿਹਾ ਇਹ ਸਾਜ਼ ਹੈ

*ਜੂਨ 10 2012*

## ਜਦੋਂ ਰਾਤ ਉਸ ਦਾ

ਜਦੋਂ ਰਾਤ ਉਸ ਦਾ ਖ਼ਿਆਲ ਆ ਗਿਆ
ਜਿਵੇਂ ਦਿਲ 'ਚ ਕੋਈ ਭੁਚਾਲ ਆ ਗਿਆ

ਤੇਰੇ ਰੰਗ ਜਦ ਯਾਦ ਆਏ ਸੀ ਮੈਨੂੰ
ਮੇਰੇ ਮੁੱਖ 'ਤੇ ਵੀ ਫ਼ਿਰ ਗੁਲਾਲ ਆ ਗਿਆ

ਤੇਰੇ ਗ਼ਮ ਨੂੰ ਭੁੱਲਣ ਦੀ ਕੋਸ਼ਿਸ਼ 'ਚ ਮੈਨੂੰ
ਨਾ ਭੁੱਲਣ ਦਾ ਹੀ ਬਸ ਕਮਾਲ ਆ ਗਿਆ

ਤੇਰੇ ਬਾਝ ਬਾਗਾਂ ਦੇ ਫ਼ੁੱਲ ਕਹਿਣ ਮੈਨੂੰ
ਔਹ ਵੇਖੋ ਕੋਈ ਤੰਗ-ਹਾਲ ਆ ਗਿਆ

ਤੇਰੇ ਹੁੰਦਿਆਂ ਗ਼ਮ ਕਿਤੇ ਦੂਰ ਹੀ ਸੀ
ਤੇਰੇ ਜਾਣ 'ਤੇ ਤੇਜ਼ ਚਾਲ ਆ ਗਿਆ

*ਜੂਨ 23 2012*



## ਤੁਰ ਰਹੇ ਨੇ ਸੱਧਰਾਂ

ਤੁਰ ਰਹੇ ਨੇ ਸੱਧਰਾਂ ਦੇ ਕਾਫ਼ਲੇ
ਹਸ਼ਰ ਤੱਕ ਵਧਦੇ ਰਹੇ ਨੇ ਫ਼ਾਸਲੇ

ਇਕ ਉਮਰ ਤੋਂ ਮੈਂ ਖੜ੍ਹਾ ਦਰ 'ਤੇ ਤੇਰੇ
ਦਿਲ 'ਚ ਮੈਨੂੰ ਤੂੰ ਨਾ ਦਿੱਤੇ ਦਾਖ਼ਲੇ

ਤੈਨੂੰ ਜਦ ਤੱਕਿਆ ਤਾਂ ਉਸ ਤੋਂ ਬਾਅਦ ਮੈਂ
ਉਮਰ ਭਰ ਵੇਖੇ ਨੇ ਸੁਪਨੇ ਰਾਂਗਲੇ

ਜ਼ਿੰਦਗੀ ਤਾਂ ਬਣ ਗਈ ਤੇਰੀ ਉਡੀਕ
ਮੇਰੇ ਹੱਕ ਵਿਚ ਤੂੰ ਨਾ ਕੀਤੇ ਫ਼ੈਸਲੇ

ਤੂੰ ਵਿਯੋਗੀ ਦੇਵ ਨੂੰ ਹੁਣ ਆ ਕੇ ਮਿਲ
ਟੁੱਟ ਰਹੇ ਨੇ ਸਾਹਾਂ ਵਾਲੇ ਸਿਲਸਲੇ

*ਅਕਤੂਬਰ 26 2012*

## ਤੂੰ ਨ ਛੁੱਪ ਸਕਦੈਂ

ਤੂੰ ਨ ਛੁੱਪ ਸਕਦੈਂ ਪਰਦਿਆਂ ਪਿੱਛੇ
ਜਿਵੇਂ ਸੂਰਜ ਗਰਦਿਆਂ ਪਿੱਛੇ

ਦਿਲ ਸਮੁੰਦਰ ਬਹੁਤ ਹੀ ਡੂੰਘਾ ਹੈ
ਤੂੰ ਨਾ ਜਾ ਐਵੇਂ ਤਰਦਿਆਂ ਪਿੱਛੇ

ਲੋਕ ਨੱਚਦੇ ਨੇ ਜਿੱਤਿਆਂ ਕਰਕੇ
ਕੌਣ ਤੁਰਦਾ ਹੈ ਹਰਦਿਆਂ ਪਿੱਛੇ

ਸੱਚ ਨੇ ਜਦ ਵੰਗਾਰਿਆ ਆਓ
ਹੋ ਗਏ ਲੋਕ ਡਰਦਿਆਂ ਪਿੱਛੇ

ਰੱਬ ਕਦੋਂ ਲੁਕਦੇ ਲੁਕ ਨਹੀਂ ਸਕਦਾ
ਉਹ ਨਾ ਰਹਿੰਦਾ ਹੈ ਪਰਦਿਆਂ ਪਿੱਛੇ

ਲੋਕ ਜਿੰਦਾ ਨੇ ਮੁਰਦਿਆਂ ਵਾਂਗੂੰ
ਪਰ ਨਾ ਮਰਦੇ ਨੇ ਮਰਦਿਆਂ ਪਿੱਛੇ

*ਦਸੰਬਰ 20-2012*



## ਤੈਨੂੰ ਖੋਹਣਾ ਮੇਰਾ ਨਸੀਬ

ਤੈਨੂੰ ਖੋਹਣਾ ਮੇਰਾ ਨਸੀਬ ਸਹੀ
ਮੇਰਾ ਈਨਾਮ ਇਹ ਸਲੀਬ ਸਹੀ

ਮੇਰੇ ਹਿੱਸੇ 'ਚ ਸੀ ਵਿਛੋੜਾ ਹੀ
ਇਹ ਵਿਛੋੜਾ ਮੇਰੇ ਕਰੀਬ ਸਹੀ

ਪਿਆਰ ਹੀ ਪਿਆਰ ਹੈ ਮੇਰਾ ਦਿਲ ਤਾਂ
ਸੋਚ ਤੇਰੀ 'ਚ ਇਹ ਗ਼ਰੀਬ ਸਹੀ

ਪੈਸਿਆਂ ਨਾਲ ਤੋਲਿਆ ਨਾ ਕਰ
ਦਿਲ ਮਿਣਨ ਨੂੰ ਨ ਇਹ ਜਰੀਬ ਸਹੀ

ਦੇਵ ਤੈਨੂੰ ਹੀ ਭਾਲਦਾ ਰਹਿੰਦਾ
ਜੱਗ ਖ਼ਾਤਰ ਇਹ ਗੱਲ ਅਜੀਬ ਸਹੀ

*– ਮਈ 16 2012*

## ਬਿਰਖ ਹਾਂ ਬਿਰਖ

ਬਿਰਖ ਹਾਂ ਬਿਰਖ ਹੀ ਰਹਿਣ ਦੇ
ਪੂਜ ਨਾ ਬਿਰਖ ਹੀ ਰਹਿਣ ਦੇ

ਬੰਨ੍ਹ ਧਾਗੇ ਨਾ ਤੂੰ ਤੇਲ ਪਾ
ਰੱਬ ਨਾ ਬਿਰਖ ਹੀ ਰਹਿਣ ਦੇ

ਸੱਚ ਹੈ ਔਖੀਆਂ ਮੇਰੀਆਂ
ਹਾਲਤਾਂ ਬਿਰਖ ਹੀ ਰਹਿਣ ਦੇ

ਵੱਢ ਕੇ ਘਰ ਨੂੰ ਤੂੰ ਨਾ ਲਿਜਾ
ਲੈ ਲੈ ਛਾਂ ਬਿਰਖ ਹੀ ਰਹਿਣ ਦੇ

ਇਹ ਤੇਰੀ ਹੀ ਨਹੀਂ ਮੇਰੀ ਵੀ
ਧਰਤ ਮਾਂ, ਬਿਰਖ ਹੀ ਰਹਿਣ ਦੇ

ਦੇਵ ਸਾਧਾਂ ਨੂੰ ਤੂੰ ਨਾ ਬਿਠਾ
ਓਸ ਥਾਂ ਬਿਰਖ ਹੀ ਰਹਿਣ ਦੇ

*ਜੂਨ 12 2011*



## ਹੋਠ ਦੇ ਦਿਓ

ਹੋਠ ਦੇ ਦਿਓ ਗੁਲਾਬ ਦੇਵ ਨੂੰ
ਹੋਰ ਦੇ ਦਿਓ ਸ਼ਬਾਬ ਦੇਵ ਨੂੰ

ਉਮਰ ਭਰ ਔਖ ਦੋਸਤਾ ਰਹੀ
ਹੋਰ ਕਰ ਨਾ ਖ਼ਰਾਬ ਦੇਵ ਨੂੰ

ਮੁੱਲ ਕੀ ਹੈ ਦੀਦ ਤੇਰੀ ਦਾ ਤੂੰ ਦੱਸ
ਹੁਣ ਤਾਂ ਦੇ ਦਿਓ ਜਵਾਬ ਦੇਵ ਨੂੰ

ਮੈਂ ਰਹਾਂਗਾ ਬਾਹਵਾਂ ਵਿਚ ਮੈਂ ਤੇਰੀਆਂ
ਅੱਖਾਂ ਚੋਂ ਪਿਲਾ ਸ਼ਰਾਬ ਦੇਵ ਨੂੰ

ਹੰਝੂ ਜੋ ਵਗੇ ਤੇਰੀ ਉਡੀਕ ਵਿੱਚ
ਸਭ ਦਾ ਦੇ ਦਿਓ ਹਿਸਾਬ ਦੇਵ ਨੂੰ

ਜੋ ਲਿਖੇ ਸੀ ਖ਼ਤ ਮੇਰੇ ਲਈ ਕਦੇ
ਮੋੜ ਹੀ ਦਿਓ ਜਨਾਬ ਦੇਵ ਨੂੰ

ਹੱਥ ਤੇਰੇ 'ਚ ਨਸੀਬ ਹੈ ਮੇਰਾ
ਰੰਕ ਜਾਂ ਬਣਾ ਨਵਾਬ ਦੇਵ ਨੂੰ

*ਮਾਰਚ 16 2010*

## ਸ਼ੌਕ ਨਿਰਾਲਾ ਤੇਰੇ

ਸ਼ੌਕ ਨਿਰਾਲਾ ਤੇਰੇ ਗ਼ਮ ਦਾ
ਰੋਜ਼ ਪਿਆਲਾ ਤੇਰੇ ਗ਼ਮ ਦਾ

ਦਿਲ ਦੀ ਫ਼ਸਲ ਉਜਾੜੀ ਜਾਵੇ
ਐਸਾ ਚਾਲਾ ਤੇਰੇ ਗ਼ਮ ਦਾ

ਮੈਂ ਨਾ ਜਾਵਾਂ ਮੰਦਰ ਕਿਧਰੇ
ਦਿਲ ਹੀ ਸ਼ਿਵਾਲਾ ਤੇਰੇ ਗਮ਼ ਦਾ

ਹੁਣ ਨ੍ਹੇਰੇ ਦਾ ਡਰ ਨਾ ਕੋਈ
ਦਿਲ 'ਚ ਉਜਾਲਾ ਤੇਰੇ ਗ਼ਮ ਦਾ

ਉਸ ਨੂੰ ਕਿਸ ਨੇ ਡੰਗਿਆ ਹੋਇਆ
ਦੇਵ ਹਵਾਲਾ ਤੇਰੇ ਗ਼ਮ ਦਾ

*ਜੂਨ 05 2012*



## ਦੇਵ ਨਾ ਕਰ

ਦੇਵ ਨਾ ਕਰ ਮਨਮੀਤ ਦੀ ਗੱਲ
ਉਹ ਸੀ ਤੇਰੇ ਅਤੀਤ ਦੀ ਗੱਲ

ਰਾਤ ਗਈ ਤਾਂ ਬਾਤ ਗਈ
ਹੁਣ ਨਾ ਕਰ ਉਸ ਪ੍ਰੀਤ ਦੀ ਗੱਲ

ਨਫ਼ਰਤ ਫ਼ੈਲ ਰਹੀ ਹੈ ਬਹੁਤੀ
ਛੇੜੋ ਪ੍ਰੇਮ ਦੇ ਗੀਤ ਦੀ ਗੱਲ

ਕਰਤਾ ਨੂੰ ਸਭ ਵੇਚ ਰਹੇ ਨੇ
ਕਰ ਮੰਦਰ ਨਾ ਮਸੀਤ ਦੀ ਗੱਲ

ਗੰਧਲੀ ਹੋ ਗਈ ਸਭ ਦੀ ਸੋਚ
ਛੱਡਦੇ ਸੋਚ ਪਲੀਤ ਦੀ ਗੱਲ

ਬੰਦਾ ਬੰਦੇ ਨੂੰ ਨਾ ਬਖ਼ਸ਼ੇ
ਦੇਵ ਹੈ ਕਰਦਾ ਮੀਤ ਦੀ ਗੱਲ

*ਜੁਲਾਈ 29 2012*

## ਮੈਨੂੰ ਅੱਜ ਵੀ ਤੇਰੀ

ਮੈਨੂੰ ਅੱਜ ਵੀ ਤੇਰੀ ਆਸ ਹੈ
ਦਿਲ ਨੂੰ ਤੇਰੀ ਹੀ ਪਿਆਸ ਹੈ

ਸੱਜਣਾ ਨਾ ਤੋੜ ਦਿਲ ਮੇਰਾ
ਇਸ 'ਚ ਤੇਰਾ ਹੀ ਨਿਵਾਸ ਹੈ

ਜਦ ਤੋਂ ਵਿਛੜਿਆ ਏਂ ਦੋਸਤਾ
ਦਰਦ ਦਿਲ ਦੇ ਆਸ ਪਾਸ ਹੈ

ਗੱਲ ਮੇਰੀ ਮੇਰਾ ਬਣਕੇ ਸੁਣ
ਮੇਰਾ ਨੂਰ ਤੇਰੇ ਪਾਸ ਹੈ

ਕਹਿ ਨਾ ਭੁੱਲਣਾ ਹੈ ਦੇਵ ਨੂੰ
ਯਾਦ ਰੱਖ ਉਹ ਆਸ ਪਾਸ ਹੈ

*ਮਾਰਚ 01 2010*



## ਮਿਟਾ ਸਕਦੈਂ ਤਾਂ

ਮਿਟਾ ਸਕਦੈਂ ਤਾਂ ਜੀਵਨ ਚੋਂ ਮਿਟਾ ਮੈਨੂੰ
ਨਾ ਯਾਦ ਆਵਾਂ ਕਦੇ ਮੁੱਢੋਂ ਮਿਟਾ ਮੈਨੂੰ

ਮੈਂ ਮਰ ਕੇ ਵੀ ਸਦਾ ਤੇਰਾ ਰਹਾਂਗਾ ਦੋਸਤ
ਮਿਟਾ ਸਕਦੈਂ ਤਾਂ ਤੂੰ ਅੰਬਰੋਂ ਮਿਟਾ ਮੈਨੂੰ

ਮੇਰੇ ਰਾਹਾਂ 'ਚ ਗ਼ਮ ਨੇ ਓ ਖ਼ੁਦਾ ਬਹੁਤੇ
ਮਿਟਾ ਗ਼ਮ ਹੀ ਜਾਂ ਜੱਗੋਂ ਮਿਟਾ ਮੈਨੂੰ

ਮੁਹੱਬਤ ਤੇਰੀ ਨੇ ਲੁੱਟਿਆ ਕਦੋਂ ਦਾ ਦੇਵ
ਤੂੰ ਹੁਣ ਭਾਵੇਂ ਹਰਿਕ ਤਰਫ਼ੋਂ ਮਿਟਾ ਮੈਨੂੰ

ਹੇ ਉਲਫ਼ਤ ਵਾਲੇ ਰਸਤੇ ਦਾ ਮੁਸਾਫ਼ਿਰ ਦੇਵ
ਤੂੰ ਆ ਜਾ ਰੱਬ ਦੀ ਰਾਹੋਂ ਮਿਟਾ ਮੈਨੂੰ

*ਜੁਲਾਈ 22 2010*

## ਮੈਨੂੰ ਦਰਿਆ ਵਾਂਗ

ਮੈਨੂੰ ਦਰਿਆ ਵਾਂਗ ਹੀ ਤੂੰ ਵਹਿਣ ਦੇ
ਛੇੜ ਨਾ ਮੈਨੂੰ ਤੂੰ ਚੁੱਪ ਹੀ ਰਹਿਣ ਦੇ

ਇਸ਼ਕੇ ਦੇ ਕੰਢੇ ਨੂੰ ਢਾਅ ਲਾਈ ਹੈ ਤੂੰ
ਰੋ ਨਾ ਹੁਣ ਤੂੰ ਕੰਢਿਆਂ ਨੂੰ ਢਹਿਣ ਦੇ

ਮੈਂ ਅਜ਼ਲ ਤੋਂ ਦਰਦ ਦਿਲ ਵਿੱਚ ਰੱਖਿਆ
ਅੱਜ ਤਾਂ ਤੂੰ ਮੈਨੂੰ ਦਿਲ ਦੀ ਕਹਿਣ ਦੇ

ਪਰਬਤਾਂ ਨੂੰ ਚੀਰ ਮੈਂ ਹੜ੍ਹ ਬਣ ਗਿਆ
ਹੰਝ ਵਾਂਗੂੰ ਅਪਣੀ ਗੱਲ੍ਹ 'ਤੇ ਵਹਿਣ ਦੇ

ਰੌਅ 'ਚ ਮੈਂ ਹਾਂ ਰਸਤਿਆਂ ਨੂੰ ਬਦਲਦਾ
ਮੈਨੂੰ ਤੂੰ ਹੁਣ ਮਸਤੀਆਂ ਵਿਚ ਵਹਿਣ ਦੇ

ਮੈਂ ਉਡੀਕਾਂ ਤੇਨੂੰ ਹੀ ਹਰ ਮੋੜ 'ਤੇ
ਉਮਰ ਭਰ ਤੂੰ ਹੁਸਨ ਅਪਣਾ ਵਹਿਣ ਦੇ

*ਅਗਸਤ 22 2011*



## ਇਕ ਵਾਰੀ ਦੇ ਦੇ

ਇੱਕ ਵਾਰੀ ਦੇ ਦੇ ਤੂੰ ਓਹੀ ਝਲਕ
ਤੂੰ ਹੀ ਮੇਰੀ ਹੈਂ ਜ਼ਮੀਂ ਤੂੰ ਹੀ ਫ਼ਲਕ

ਮੁੱਦਤਾਂ ਦੀਦਾਰ ਤੋਂ ਬਿਨ ਬੀਤੀਆਂ
ਫ਼ੇਰ ਤੋਂ ਮੈਨੂੰ ਵਿਖਾ ਅਪਣੀ ਝਲਕ

ਸੁਰਗ ਜੀਵਨ ਨਾਲ ਤੇਰੇ ਬਣ ਸਕੇ
ਦੇਖ਼ਦਾ ਰਹਿੰਦਾ ਹਾਂ ਤੈਨੂੰ ਇੱਕ ਪਲਕ

ਰੱਬ ਦੀ ਨਿਆਮਤ ਮੁਹੱਬਤ ਦੋਸਤਾ
ਦੇਵ ਏਸੇ ਕਰਕੇ ਵਸਦੀ ਹੈ ਖ਼ਲਕ

*ਅਗਸਤ 23 2012*

## ਅੱਖ ਚੋਂ ਡਿਗਿਆ

ਅੱਖ ਚੋਂ ਡਿਗਿਆ ਹੰਝੂ ਖ਼ਾਰਾ
ਜਿਉਂ ਡਿਗਦਾ ਅੰਬਰ 'ਚੋਂ ਤਾਰਾ

ਪਿਆਰ 'ਚ ਮਿਲਦੇ ਹਾਵਾਂ ਹੌਕੇ
ਦੁੱਖ ਵਿਚ ਦਿਲ ਹੈ ਭਾਰਾ ਭਾਰਾ

ਜਿੰਦ ਮੇਰੀ ਕੰਬੇ ਇਉਂ ਬਿਲਕੁਲ
ਜਿਉਂ ਕੰਬਦਾ ਹੁੰਦਾ ਹੈ ਪਾਰਾ

ਤੈਨੂੰ ਹੋਣ ਮੁਬਾਰਕ ਮੇਲੇ
ਮੈਂ ਰੋਵਾਂਗਾ 'ਕੱਲਾ ਕਾਰਾ

ਮਾਰੂਥਲ ਜਿਓਂ ਤਰਸੇ ਮੀਂਹ ਨੂੰ
ਦੇਵ ਇਓਂ ਹੀ ਤੈਨੂੰ ਯਾਰਾ

*ਸਤੰਬਰ 06 2011*



## ਜਿੰਦ 'ਚ ਹਰ ਕਦਮ

ਜਿੰਦਗੀ 'ਚ ਹਰ ਕਦਮ 'ਤੇ ਡਰ ਰਿਹਾ
ਫ਼ਿਰ ਵੀ ਚਾਨਣ ਨਾਲ ਮੈਂ ਹਾਂ ਭਰ ਰਿਹਾ

ਉਮਰ ਲੰਘੀ ਕੰਡਿਆਂ 'ਤੋਂ ਹੀ ਸਦਾ
ਵਕਤ ਮੇਰੇ ਵਾਸਤੇ ਜਾਬਰ ਰਿਹਾ

ਰੰਗ ਇਸ ਸੰਸਾਰ ਦੇ ਭਾਉਂਦੇ ਨਹੀਂ
ਦਿਲ 'ਚ ਉਸ ਬੇਦਰਦ ਦਾ ਹੀ ਘਰ ਰਿਹਾ

ਦਰਦ ਦਾ ਉੱਕਾ ਨਾ ਕਰਦਾ ਜ਼ਿਕਰ ਦਿਲ
ਹਿਜਰ ਨੂੰ ਤਾਂ ਇਹ ਅਜ਼ਲ ਤੋਂ ਜਰ ਰਿਹਾ

ਦੇਵ ਹਿੰਮਤ ਰੱਖ ਤੂੰ ਫ਼ਰਹਾਦ ਵਾਂਗ
ਮੰਜ਼ਿਲਾਂ ਖ਼ਾਤਿਰ ਉਹ ਹਿੰਮਤਵਰ ਰਿਹਾ

*ਅਕਤੂਬਰ 03 2011*

## ਯਾਰ ਮੈਨੂੰ ਤੂੰ ਫ਼ਿਰ

ਯਾਰ ਮੈਨੂੰ ਅੱਜ ਫ਼ਿਰ ਮਦਹੋਸ਼ ਕਰ ਦੇ
ਮੇਰੀਆਂ ਬੇਚੈਨੀਆਂ ਖ਼ਾਮੋਸ਼ ਕਰ ਦੇ

ਤੇਰੀਆਂ ਸੋਚਾਂ ਤੋਂ ਬਾਹਰ ਆ ਗਿਆ ਹਾਂ
ਭਟਕਿਆ ਹਾਂ ਤੂੰ ਟਿਕਾਣੇ ਹੋਸ਼ ਕਰ ਦੇ

ਤੈਥੋਂ ਬਿਨ ਜੀ ਲੈਣ ਦਾ ਹੈ ਦੋਸ਼ ਮੇਰਾ
ਜ਼ਿੰਦਗੀ ਵਿਚ ਆ ਕੇ ਤੂੰ ਨਿਰਦੋਸ਼ ਕਰ ਦੇ

ਤੇਰੇ ਬਿਨ ਇਹ ਜ਼ਿੰਦਗੀ ਹੀ ਹੈ ਹਨੇਰਾ
ਰੂ-ਬ-ਰੂ ਹੋ ਗ਼ਮ ਨੂੰ ਤੂੰ ਰੂ ਪੋਸ਼ ਕਰ ਦੇ

ਬਿਨ ਮੁਹੱਬਤ ਦਿਲ ਮਿਰਾ ਡੁੱਬਦਾ ਹੀ ਜਾਂਦਾ
ਪਿਆਰ ਕਰ ਆ ਦਿਲ ਨੂੰ ਫ਼ਿਰ ਪੁਰਜੋਸ਼ ਕਰ ਦੇ

ਜ਼ਿੰਦਗੀ ਕਿਧਰੇ ਮੇਰੀ ਪਥਰਾ ਨਾ ਜਾਵੇ
ਦੇਵ ਦੀ ਇਸ ਸੋਚ ਨੂੰ ਬੇਹੋਸ਼ ਕਰ ਦੇ

*ਮਈ 26 2011*



## ਵਾਰ ਅੱਖ ਦਾ ਵੀ

ਵਾਰ ਅੱਖ ਦਾ ਵੀ ਕਦੇ ਦਿਸਿਆ ਭਲਾ।
ਜ਼ਖ਼ਮ ਦਿਲ ਵਾਲਾ ਕਦੇ ਭਰਿਆ ਭਲਾ!

ਸਮਝ ਮੇਰੀ ਪੀੜ ਤੂੰ ਐ ਦੋਸਤਾ,
ਦਰਦ ਦੂਰੀ ਦਾ ਕਦੇ ਦਿਸਿਆ ਭਲਾ!

ਸੋਚ ਤੇਰੀ ਤੰਗ ਸੀ ਤੂੰ ਜਿੱਤ ਗਿਆ,
ਇਸ਼ਕ ਵਿਚ ਤੰਗਦਿਲ ਕਦੇ ਜਿੱਤਿਆ ਭਲਾ!

ਅੱਖ ਮੂਹਰੇ ਹੁਣ ਨਾ ਤੂੰ ਭਾਵੇਂ ਰਿਹਾ,
ਖ਼ਾਬ ਪਰ ਤੈਨੂੰ ਕਦੇ ਭੁੱਲਿਆ ਭਲਾ!

ਦੇਵ ਸੂਰਜ ਵਾਂਗ ਬਲਦਾ ਹੈ ਸਦਾ,
ਤੂੰ ਹੀ ਦੱਸ ਸੂਰਜ ਕਦੇ ਬੁਝਿਆ ਭਲਾ।

*ਮਾਰਚ 31 2012*

## ਬਰਫ਼ ਬਣਿਆਂ ਹਾਂ

ਬਰਫ਼ ਬਣਿਆਂ ਹਾਂ ਪਾਣੀ ਬਣਿਆਂ ਹਾਂ
ਮੈਂ ਤਾਂ ਤੇਰੀ ਕਹਾਣੀ ਬਣਿਆਂ ਹਾਂ

ਹਰ ਜਨਮ ਮੈਂ ਉਧਾਰੇ ਸਾਹ ਲੈ ਕੇ
ਇੱਕ ਬਸ ਤੇਰਾ ਹਾਣੀ ਬਣਿਆਂ ਹਾਂ

ਯਾਦ ਤੇਰੀ ਦੇ ਹਰਫ਼ ਬਣ ਕੇ ਹੀ
ਪਿਆਰ ਦੀ ਮੈਂ ਕਹਾਣੀ ਬਣਿਆਂ ਹਾਂ

ਬਸ ਸਵਾਗਤ ਤੇਰਾ ਹੀ ਕਰਨੇ ਨੂੰ
ਮੈਂ ਤਾਂ ਫੁੱਲਾਂ ਦੀ ਟਾਹਣੀ ਬਣਿਆਂ ਹਾਂ

ਹਸ਼ਰ ਤਕ ਤੇਰਾ ਹਮਸਫ਼ਰ ਬਣਨਾ
ਰਾਹ ਤੇਰੀ ਸੁਹਾਣੀ ਬਣਿਆਂ ਹਾਂ

*ਫ਼ਰਵਰੀ 05 2012*



## ਹਰ ਇਕ ਧੁਖਦੀ ਆਂਦਰ

ਹਰ ਇਕ ਧੁਖਦੀ ਆਂਦਰ ਉਗਲੇ ਬਿਰਹੋਂ ਦੀਆਂ ਹਾਵਾਂ
ਢਲਦੇ ਸੂਰਜ ਵਾਂਗ ਮੇਰੀਆਂ ਜਾਣ ਢਲਦੀਆਂ ਛਾਵਾਂ

ਜੇ ਤੂੰ ਕਰੇਂ ਇਸ਼ਾਰਾ ਤਾਂ ਮੈਂ ਰਾਤੀਂ ਮਿਲਣੇ ਆਵਾਂ
ਮੈਂ ਬਣ ਕੇ ਜੁਗਨੂੰ ਫ਼ਿਰ ਰਾਹਵਾਂ ਤੇਰੀਆਂ ਹੀ ਰੁਸ਼ਨਾਵਾਂ

ਪਿਆਰੋਂ ਹੀਣੇ ਵਸਲ ਦੇ ਬੱਦਲ ਕੋਲੋਂ ਖਾਲੀ ਲੰਘਣ
ਸਾਵਣ ਤੇਰੇ ਨੂੰ ਬਸ ਤਰਸਣ ਅੱਡੀਆਂ ਮੇਰੀਆਂ ਬਾਹਵਾਂ

ਸਾਲ ਬੀਤ ਗਏ ਕਿੰਨੇ ਹੀ ਅੱਜ ਸਾਨੂੰ ਮਿਲਿਆਂ ਯਾਰਾ
ਯਾਦ ਤੇਰੀ ਪਰ ਅੱਜ ਵੀ ਤਾਜ਼ਾ ਕਿੱਦਾਂ ਮੈਂ ਭੁੱਲ ਜਾਵਾਂ

ਮੌਸਮ ਫ਼ੁੱਲਾਂ ਵਾਲੇ ਵੀ ਬਸ ਪੱਤਝੜ ਵਾਂਗੂ ਲੰਘੇ
ਤੇਰੇ ਬਿਨਾਂ ਤਾਂ ਇਹ ਵੀ ਭੁਗਤੇ ਜਿੰਦਾਂ ਹੋਣ ਸਜਾਵਾਂ

ਪਿਆਰ ਤੇਰਾ ਬਣ ਕੰਡੇ ਚੁੱਭਦਾ ਨਾ ਫ਼ਿਰ ਕਦੇ ਵੀ ਯਾਰਾ
ਜੇ ਤੂੰ ਗਲ ਪਾਈਆਂ ਹੁੰਦੀਆਂ ਉਮਰਾਂ ਲੰਬੀਆਂ ਬਾਹਵਾਂ

*ਫ਼ਰਵਰੀ 24 2010*

## ਤੇਰੀ ਰਾਹ ਵਿਚ ਸੁੱਕਿਆ

ਤੇਰੀ ਰਾਹ ਵਿਚ ਸੁੱਕਿਆ ਜਿਉਂ ਰੋਹੀ ਦਾ ਰੁੱਖ
ਵੇਖ ਅਪਣੇ ਬੀਮਾਰ ਨੂੰ ਮੋੜ ਨ ਯਾਰਾ ਮੁੱਖ

ਤੇਰੀ ਰਾਹ ਵਿਚ ਬਾਲਿਆ ਆਪਣੇ ਦਿਲ ਦਾ ਦੀਪ
ਭਾਵੇਂ ਇਸ ਨੂੰ ਤੂੰ ਬੁਝਾ ਫ਼ਿਰ ਵੀ ਨਾ ਮੰਨਾਂ ਦੁੱਖ

ਮੈਂ ਤੇ ਕੰਢੇ ਇਸ਼ਕ ਦੇ ਉਗਿਆ ਹਾਂ ਦਿਲਦਾਰ
ਪਾਣੀ ਵਾਂਗੂੰ ਤੂੰ ਵਗੇਂ ਮੈਂ ਖੜ੍ਹਾ ਖਲੋਤਾ ਰੁੱਖ

ਤੇਰੇ ਬਿਨ ਇਹ ਜਿੰਦਗੀ ਹੋਈ ਬਹੁਤ ਮੁਹਾਲ
ਕਦੇ ਤਾਂ ਆ ਕੇ ਪੁੱਛਲੈ ਦਿਲ ਮੇਰੇ ਦਾ ਦੁੱਖ

ਯਾਰ ਇਸ਼ਾਰਾ ਜੇ ਕਰੇਂ ਮੈਂ ਬਣਜਾਂ ਫ਼ਰਹਾਦ
ਪਰ ਮੈਂ ਕੁਝ ਨਾ ਭਾਲਦਾ ਇਕ ਪਿਆਰ ਤੇਰੇ ਦੀ ਭੁੱਖ

ਮੇਰੇ ਯਾਰਾਂ ਨਾ ਰੁਆਂ ਦੀਵਾਨਾ ਹੈ ਦੇਵ
ਪਿਆਰ ਤੇਰੇ ਵਿਚ ਪਾ ਲਏ ਉਸਨੇ ਬਹੁਤੇ ਦੁੱਖ

ਦੇਵ ਨੂੰ ਤੇਰੀ ਦੀਦ ਦੀ ਤਾਂਘ ਰਹੂ ਦਿਲਦਾਰ
ਲੈ ਲਈਂ ਭਾਵੇਂ ਜਾਨ ਤੂੰ ਯਾਰ ਵਿਖਾਕੇ ਮੁੱਖ

*ਮਈ 24 2010*



## ਸਰ ਅਸੀਂ ਵੀ ਇਸ਼ਕ

ਸਰ ਅਸੀਂ ਵੀ ਇਸ਼ਕ ਦੇ ਹਾਂ ਤਰ ਗਏ
ਦੀਦ ਤੇਰੀ ਦੇ ਪਿਆਸੇ ਮਰ ਗਏ

ਰੁੱਤ ਜੋਬਨ ਦੀ ਸੀ ਬਾਜ਼ੀ ਇਸ਼ਕ ਸੀ
ਰੁੱਤ ਜੋਬਨ ਦੀ ਅਸੀਂ ਵੀ ਹਰ ਗਏ

ਨਾਲ ਤੈਨੂੰ ਵੇਖਿਆ ਜਦ ਗੈਰ ਦੇ
ਪੀੜ ਭਾਰੀ ਸੀਨੇ ਉਤੇ ਜਰ ਗਏ

ਜਿਹੜੇ ਦਰ ਤੇ ਲੈਂਦੇ ਸੀ ਉਹ ਖ਼ਤ ਮੇਰੇ
ਵੇਖ ਮੈਨੂੰ ਭੇੜ ਕੇ ਉਹ ਦਰ ਗਏ

ਦੇਵ ਨੂੰ ਜੋ ਆਪਣਾ ਕਹਿੰਦੇ ਸੀ ਨਿਡਰ
ਖੌਰੇ ਕਿਹੜੀ ਗੱਲ ਤੋਂ ਅੱਜ ਡਰ ਗਏ

*ਮਈ 26 2010*

## ਇਹ ਪ੍ਰੀਤ

ਇਹ ਪ੍ਰੀਤ ਨਿਮਾਣੀ ਨਈਂ ਮਰਦੀ
ਇਹ ਪੀੜ ਪੁਰਾਣੀ ਨਈਂ ਮਰਦੀ

ਫੱਟ ਇਸ਼ਕ 'ਚ ਝੱਲੇ ਜਿੰਦ ਸਾਰੀ
ਹੁਣ ਪਰ ਮਰਜਾਣੀ ਨਈਂ ਮਰਦੀ

ਮੈਂ ਭੁੱਲਾਂ ਕਿੱਦਾਂ ਯਾਦ ਤੇਰੀ
ਪਰ ਪ੍ਰੀਤ ਸੁਹਾਣੀ ਨਈਂ ਮਰਦੀ

ਇਹ ਹਿਜਰ ਮੁਕੱਦਰ ਹੈ ਮੇਰਾ
ਦਰਦਾਂ ਦੀ ਢਾਣੀ ਨਈਂ ਮਰਦੀ

ਬੰਦੇ ਤਾਂ ਮਰ ਜਾਂਦੇ ਨੇ ਦੇਵ
ਪਰ ਪ੍ਰੀਤ ਕਹਾਣੀ ਨਈਂ ਮਰਦੀ

*ਜੂਨ 03 2010*



## ਦੁੱਖ ਹੱਸ ਹੱਸ

ਦੁੱਖ ਹੱਸ ਹੱਸ ਅਸੀਂ ਹੰਢਾਏ ਨੇ
ਗ਼ਮ ਯੁੱਗ ਤੋਂ ਅਸੀਂ ਵਿਆਹੇ ਨੇ

ਸਾਨੂੰ ਨਾ ਸ਼ਿਕਵਾ ਗਿਲਾ ਕੋਈ
ਗ਼ਮ ਧੁਰ ਤੋਂ ਅਸੀਂ ਲਿਖਾਏ ਨੇ

ਸੀਨੇ ਲਾ ਤੇਰੀ ਬਿਰਹਾ ਨੂੰ
ਵਕਤ ਆਪਣੇ ਅਸੀਂ ਲੰਘਾਏ ਨੇ

ਜੀਵਨ ਪੱਤਝੜ ਵਾਂਗ ਬਿਤਾਇਆ
ਫ਼ੁੱਲ ਫ਼ਿਰ ਵੀ ਅਸੀਂ ਖਿੜਾਏ ਨੇ

ਦੀਵੇ ਨਾ ਵਸਲਾਂ ਦੇ ਬਾਲੋ
ਦੇਵ ਅੱਕ ਕੇ ਅਸੀਂ ਬੁਝਾਏ ਨੇ

*ਜੂਨ 10 2010*

## ਤੇਰੇ ਨਾਲੋਂ ਗ਼ੈਰ

ਤੇਰੇ ਨਾਲੋਂ ਗ਼ੈਰ ਹੀ ਚੰਗੇ ਰਹੇ
ਕਤਲ਼ ਕਰਨੋਂ ਜੋ ਮਿਰਾ ਸੰਗੇ ਰਹੇ

ਆਸ ਸੀ ਤੇਰੇ ਮਿਲਣ ਦੀ ਦੋਸਤਾ
ਹਿਜ਼ਰ ਦੀ ਸੂਲੀ ਅਸੀਂ ਟੰਗੇ ਰਹੇ

ਉਹ ਜਨੂਨੀ ਧਰਮ ਦੀ ਹੀ ਆੜ 'ਚ
ਨਿਤ ਕਰਾਉਂਦੇ ਦੇਸ਼ ਵਿਚ ਦੰਗੇ ਰਹੇ

ਨਾਲ ਦੌਲਤ ਅਕਲ ਦਾ ਸੰਬੰਧ ਨਾ
ਕੁਝ ਧਨੀ ਅਕਲੋਂ ਤਾਂ ਬਸ ਨੰਗੇ ਰਹੇ

ਬਾਗ਼ ਅਰਮਾਨਾਂ ਦਾ ਸੀ ਦਿਲ ਦੇਵ ਦਾ
ਦਰਦ ਦੇ ਅਰਮਾਨ ਸਭ ਡੰਗੇ ਰਹੇ

*ਜੂਨ 13 2010*



## ਮੈਂ ਤਾਂ ਦਰਪਣ ਹਾਂ

ਮੈਂ ਤਾਂ ਦਰਪਣ ਹਾਂ ਤੇਰਾ ਤੂੰ ਸਾਹਵੇਂ ਬੈਠ ਜ਼ਰਾ
ਮੁੱਖ ਤੂੰ ਆਪਣਾ ਹੀ ਵੇਖੇਂਗਾ ਆ ਜਾ ਨੈਣ ਮਿਲਾ

ਇਹ ਤਾਂ ਮੈਂ ਹਾਂ ਸਹਿੰਦਾ ਤੇਰੇ ਦਿੱਤੇ ਸਾਰੇ ਦੁੱਖ
ਤੈਥੋਂ ਜਰ ਨਾ ਹੋਣੇ ਇਹ ਸਭ ਸਹਿ ਕੇ ਵੇਖ ਜ਼ਰਾ

ਖ਼ੁਦ ਹੀ ਖ਼ੰਜਰ ਮਾਰੇਂ ਫ਼ਿਰ ਖ਼ੁਦ ਹੀ ਪੁੱਛੇਂ ਪੀੜ
ਤੇਰੇ ਪੁੱਛਣ ਤੇ ਮੈਂ ਹੱਸਦਾ ਇਹ ਹੈ ਦਰਦ ਬੜਾ

ਮੇਰੀ ਰਾਹ ਸੂਲਾਂ ਕੰਡੇ ਪੈਰ ਵੀ ਲਹੂ ਲੁਹਾਣ
ਪ੍ਰੇਮ ਦੇ ਰਸਤੇ ਟੇਢੇ ਮੇਢੇ ਹੁੰਦੇ ਸਖ਼ਤ ਸਦਾ

ਦੇਵ ਕਿਆਮਤ ਤੀਕਰ ਤੇਰੇ ਪਿਆਰ ਦਾ ਰਾਹੀ ਹੋਵੇ
ਤੈਨੂੰ ਗ਼ਮ ਦੀ ਛਾਂ ਨਾ ਛੂਹਵੇ ਮੰਗੇ ਇੱਕ ਦੁਆ

*ਜੂਨ 30 2010*

## ਯਾਦ ਤੇਰੀ ਨਾਲ ਮੈਂ

ਯਾਦ ਤੇਰੀ ਨਾਲ ਮੈਂ ਲੜਦਾ ਰਿਹਾ
ਕੋਲਿਆਂ ਦੇ ਵਾਂਗਰਾਂ ਸੜਦਾ ਰਿਹਾ

ਪੱਤਝੜਾਂ ਵਿਚ ਪੱਤਿਆਂ ਸੰਗ ਡਿਗਿਆ
ਪਾਣੀਆਂ ਸੰਗ ਸਾਉਣ ਵਿਚ ਹੜ੍ਹਦਾ ਰਿਹਾ

ਪੈੜ ਤੇਰੀ ਰੇਤ ਵਿਚ ਸੀ ਮਿਟ ਰਹੀ
ਮੈਂ ਦੀਵਾਨਾ ਉਸ ਨੂੰ ਵੀ ਫੜਦਾ ਰਿਹਾ

ਰੀਝ ਮੇਰੀ ਦਿਲ ਹੀ ਦਿਲ ਵਿਚ ਰਹਿ ਗਈ
ਪਿਆਰ ਦੀ ਸੂਲ਼ੀ ਮੈਂ ਨਿੱਤ ਚੜ੍ਹਦਾ ਰਿਹਾ

ਦੇਵ ਨੇ ਟੁੱਟਣਾ ਸੀ ਤਾਰੇ ਵਾਂਗ ਹੀ
ਫ਼ਿਰ ਵੀ ਤੇਰੇ ਅੰਬਰੀਂ ਚੜ੍ਹਦਾ ਰਿਹਾ

*ਜੁਲਾਈ 10 2010*



## ਤੂੰ ਮੇਰੇ ਰਾਜ਼ ਨੂੰ

ਤੂੰ ਮੇਰੇ ਰਾਜ਼ ਨੂੰ ਰਾਜ਼ ਹੀ ਰਹਿਣ ਦੇ
ਦਿਲ ਨੂੰ ਤੂੰ ਬਿਰਹਾ ਦਾ ਸਾਜ਼ ਹੀ ਰਹਿਣ ਦੇ

ਹਿਜਰ ਹੀ ਮੇਰੀ ਕਿਸਮਤ ਸੀ ਜੋ ਮਿਲ ਗਿਆ
ਹਿਜਰ ਦੇ ਜ਼ਖ਼ਮ ਨੂੰ ਰਾਜ਼ ਹੀ ਰਹਿਣ ਦੇ

ਜਿੰਦ ਨੱਚਦੀ ਰਹੀ ਹੈ ਸਦਾ ਤਾਲ ਵਿਚ
ਯਾਦ ਆਪਣੀ ਮੇਰਾ ਸਾਜ਼ ਹੀ ਰਹਿਣ ਦੇ

ਹੁਣ ਤਾਂ ਜਿੱਧਰ ਵੀ ਹੈ ਹਿਜਰ ਦਾ ਗੀਤ ਹੈ
ਉਸਦੀ ਆਵਾਜ਼ ਆਵਾਜ਼ ਹੀ ਰਹਿਣ ਦੇ

ਦੇਵ ਕਿਉਂ ਗੱਲ ਕਰੇ ਤੇਰੇ ਕਿਰਦਾਰ ਦੀ
ਚੁੱਪ ਨੂੰ ਉਸਦਾ ਅੰਦਾਜ਼ ਹੀ ਰਹਿਣ ਦੇ

*ਅਗਸਤ 12 2010*

## ਦਿਲ ਸ਼ਮਾਂ ਵਾਂਗ

ਦਿਲ ਸ਼ਮਾਂ ਵਾਂਗ ਜਲਾ ਕੇ ਵੇਖ
ਡੰਗ ਬਿਰਹੋਂ ਦਾ ਖਾ ਕੇ ਵੇਖ

ਮੈਂ ਇਸ਼ਕ ਦੇ ਚਸ਼ਮੇ ਦਾ ਪਾਣੀ
ਮੈਨੂੰ ਹੋਠੀਂ ਲਾ ਕੇ ਵੇਖ

ਪ੍ਰੇਮ ਦੇ ਹੜ੍ਹ ਵਿਚ ਹੜ੍ਹਨਾ ਹੈ ਤਾਂ
ਅੱਖ ਨਾਲ ਅੱਖ ਮਿਲਾਕੇ ਵੇਖ

ਆ ਪ੍ਰੀਤ ਨਦੀ ਦੇ ਸੰਗਮ 'ਤੇ
ਬਾਹਾਂ ਵਿਚ ਬਾਹਾਂ ਪਾ ਕੇ ਵੇਖ

ਮੈਂ ਬੁੱਧ ਨਹੀਂ ਛੱਡ ਜਾਵਾਂਗਾ
ਦੇਵ ਹਾਂ ਦੇਵ ਅਜ਼ਮਾ ਕੇ ਵੇਖ

*ਜੁਲਾਈ 20 2010*



## ਅੱਖ 'ਚ ਹੰਝੂ ਜਦ

ਅੱਖ 'ਚ ਹੰਝੂ ਜਦ ਵੀ ਆਇਆ ਕਰਨਗੇ
ਨਾਮ ਮੇਰਾ ਗੁਣਗੁਣਾਇਆ ਕਰਨਗੇ

ਗ਼ਮ ਦੇ ਬੱਦਲ ਜਦ ਵੀ ਛਾਇਆ ਕਰਨਗੇ
ਨੈਣ ਫ਼ਿਰ ਹੰਝੂ ਵਹਾਇਆ ਕਰਨਗੇ

ਬਹਿ ਇਕੱਲੇ ਫ਼ੋਟੋ ਮੇਰੀ ਵੇਖ ਕੇ
ਭਰ ਕੇ ਹਉਕੇ ਹਿੱਕ ਨੂੰ ਲਾਇਆ ਕਰਨਗੇ

ਜਦ ਮਿਲੇ ਸ਼ਿਕਵੇ ਇਹ ਸਭ ਮਿਟ ਜਾਣਗੇ
ਉਸ ਸਮੇਂ ਫ਼ੁੱਲ ਖਿੜਖਿੜਾਇਆ ਕਰਨਗੇ

ਮੇਰੀਆਂ ਯਾਦਾ ਨੂੰ ਰੱਖੀਂ ਸਾਂਭ ਕੇ
ਜਾ ਰਹੇ ਪਲ ਵੀ ਸਤਾਇਆ ਕਰਨਗੇ

ਇਹ ਭੁਲੇਖਾ ਦੇਵ ਨੂੰ ਪੈਂਦਾ ਕਿ ਉਹ
ਕਬਰ 'ਤੇ ਦੀਵੇ ਜਗਾਇਆ ਕਰਨਗੇ

*ਜੁਲਾਈ 18 2010*

## ਜ਼ਿੰਦਗੀ ਵਿਚ ਵੇਖ

ਜ਼ਿੰਦਗੀ ਵਿਚ ਵੇਖ ਇਹ ਕਰਕੇ ਕਦੀ
ਵੇਖ ਮੈਨੂੰ ਤੂੰ ਨਜ਼ਰ ਭਰਕੇ ਕਦੀ

ਮੈਂ ਖੜਾ ਹਾਂ ਤੇਰੇ ਦਰ ਤੇ ਦੇਰ ਤੋਂ
ਵੇਖ ਲੈ ਮੈਂ ਉਠਣਾ ਮਰਕੇ ਕਦੀ

ਤੂੰ ਸਿਕੰਦਰ ਹੈਂ ਸਦਾ ਜਿੱਤਦਾ ਹੈ ਤੂੰ
ਵੇਖ ਪੋਰਸ ਵਾਂਗ ਵੀ ਹਰਕੇ ਕਦੀ

ਮੈਂ ਕਦੇ ਪਰਦਾ ਕੋਈ ਰਖਿਆ ਨਹੀਂ
ਨੂਰ ਤੋਂ ਚੁੰਨੀ ਤੇਰੀ ਸਰਕੇ ਕਦੀ

ਜ਼ਿੰਦਗੀ ਮੇਰੀ ਅਧੂਰੀ ਤੇਰੇ ਬਿਨ
ਇਹ ਅਧੂਰਾਪਣ ਵਿਖਾ ਜਰਕੇ ਕਦੀ

ਦੇਵ ਤਾਂ ਤੇਰਾ ਹੈ ਤੇਰਾ ਹੀ ਰਹੂ
ਇਹ ਕਰਿਸ਼ਮਾ ਤੂੰ ਵਿਖਾ ਕਰਕੇ ਕਦੀ

*ਜੁਲਾਈ 17 2010*



## ਜੀਵਨ ਭਰ ਦਾ ਸਾਥ ਰਿਹਾ

ਜੀਵਨ ਭਰ ਦਾ ਸਾਥ ਰਿਹਾ ਹੈ ਪਰ ਦਿਲ ਕਿੱਥੇ ਭਰਦਾ
ਤੈਨੂੰ ਤੱਕਣਾ ਰੋਜ਼ ਦੀ ਆਦਤ ਇਸ ਬਿਨ ਕਿੱਥੇ ਸਰਦਾ

ਹੋਰ ਬਥੇਰੇ ਸੱਜਣ ਮਿੱਤਰ ਮੇਰੇ ਪਿਆਰੇ ਬਹੁਤੇ
ਤੇਰੀ ਦੂਰੀ ਨਾ ਝੱਲਾਂ ਮੈਂ ਦੂਰ ਹੋਣ ਤੋਂ ਡਰਦਾ

ਤੇਰੇ ਸੰਗ ਮੈਂ ਮਾੜੇ ਵਕਤਾਂ ਵਿਚ ਵੀ ਖ਼ੁਸ਼ ਹੀ ਰਹਿਨਾ
ਬਿਨ ਤੇਰੇ ਮੈਂ ਚੰਗੇ ਵਕਤਾਂ ਨੂੰ ਵੀ ਕਿੱਥੇ ਜਰਦਾ

ਤੰਗ ਸਮੇਂ ਵੀ ਵੇਖੇ ਨੇ ਮੈਂ ਦੁੱਖ ਵੀ ਬਹੁਤ ਹੰਢਾਏ
ਜਿੱਤ ਹਾਰ ਹੈ ਖੇਡ ਸਮੇਂ ਦੀ ਮੈਂ ਨਾ ਇਸ ਤੋਂ ਡਰਦਾ

ਕਾਸ਼! ਤੂੰ ਦੇਵ ਦੇ ਦਿਲ ਦੀ ਪੁਸਤਕ ਪੜ੍ਹ ਹੀ ਲੈਂਦਾ ਪਿਆਰੇ
ਤੂੰ ਵੀ ਅੱਖਾਂ ਅੱਖਾਂ ਵਿਚ ਫ਼ਿਰ ਆਪੇ ਦਿਲ ਨੂੰ ਹਰਦਾ

*ਜੁਲਾਈ 28 2010*

## ਯਾਦ ਨੇ ਫ਼ਿਰ

ਯਾਦ ਨੇ ਫ਼ਿਰ ਸਤਾਇਆ ਲਗਦਾ ਹੈ
ਰਾਤ ਭਰ ਫ਼ਿਰ ਜਗਾਇਆ ਲਗਦਾ ਹੈ

ਅੱਖੀਆਂ ਲਾਲ ਲਾਲ ਹੋਈਆਂ ਨੇ
ਉਸਨੇ ਫ਼ਿਰ ਤੋਂ ਰੁਲਾਇਆ ਲਗਦਾ ਹੈ

ਹੁਣ ਨਾ ਉਸਨੂੰ ਕਦੇ ਤੂੰ ਯਾਦ ਕਰੀਂ
ਉਸਨੇ ਤੈਨੂੰ ਭੁਲਾਇਆ ਲਗਦਾ ਹੈ

ਜਿਸ ਦੀ ਖ਼ਾਤਰ ਤੂੰ ਅਪਣੇ ਛੱਡੇ ਸਨ
ਉਹ ਤਾਂ ਤੈਥੋਂ ਪਰਾਇਆ ਲਗਦਾ ਹੈ

ਦੇਵ ਤੂੰ ਇੰਤਜ਼ਾਰ ਹੁਣ ਨਾ ਕਰ
ਉਸਨੇ ਤਾਂ ਘਰ ਵਸਾਇਆ ਲਗਦਾ ਹੈ

*ਜੁਲਾਈ 30 2010*



## ਯਾਦ ਤੇਰੀ ਹੀ

ਯਾਦ ਤੇਰੀ ਹੀ ਆਉਂਦੀ ਏ ਮੈਨੂੰ
ਤਾਂਘ ਤੇਰੀ ਸਤਾਉਂਦੀ ਏ ਮੈਨੂੰ

ਰੌਸ਼ਨੀ ਤੇਰੇ ਰੂਪ ਸੋਹਣੇ ਦੀ
ਰਾਤ ਨੂੰ ਕਿਉਂ ਜਗਾਉਂਦੀ ਏ ਮੈਨੂੰ

ਆਰਜ਼ੂ ਸੀ ਤੇਰੀ ਤੂੰ ਨਾ ਮਿਲਿਆ
ਆਰਜ਼ੂ ਇਹ ਮੁਕਾਉਂਦੀ ਏ ਮੈਨੂੰ

ਜ਼ਿੰਦਗੀ ਮੁੱਕਦੀ ਮੁੱਕਦੀ ਮੁੱਕ ਜਾਣੀ
ਜ਼ਿੰਦਗੀ ਹੀ ਮੁਕਾਉਂਦੀ ਏ ਮੈਨੂੰ

ਤੈਨੂੰ ਮਿਲਣਾ ਤੇ ਫ਼ਿਰ ਜੁਦਾ ਹੋਣਾ
ਰੋਜ਼ ਇਹ ਗੱਲ ਰੁਲ਼ਾਉਂਦੀ ਏ ਮੈਨੂੰ

ਦੇਵ ਤਾਂ ਬਸ ਵਫ਼ਾ ਦਾ ਪੁਤਲਾ ਹੈ
ਉਹ ਵੀ ਹੈ ਜੋ ਜਲ਼ਾਉਂਦੀ ਏ ਮੈਨੂੰ

*ਅਗਸਤ 5 2010*

## ਤੇਰਾ ਮੇਰਾ

ਤੇਰਾ ਮੇਰਾ ਸਾਥ ਜੇ ਹੋਵੇ
ਖ਼ੂਬ ਸੁਹਾਣੀ ਰਾਤ ਜੇ ਹੋਵੇ

ਜ਼ੁਲਫ਼ ਤੇਰੀ ਵਿਚ ਰਾਤ ਜੇ ਹੋਵੇ
ਮੁੱਖੜੇ 'ਤੇ ਪਰਭਾਤ ਜੇ ਹੋਵੇ

ਨੀਂਦਰ ਵਾਲੇ ਨੈਣਾ ਅੰਦਰ
ਤਾਰਿਆਂ ਵਾਲੀ ਰਾਤ ਜੇ ਹੋਵੇ

ਮਿੱਠੀ ਜਿਹੀ ਗਲਵੱਕੜੀ ਅੰਦਰ
ਦੋ ਚਿੱਤੀ ਜਿਹੀ ਬਾਤ ਜੇ ਹੋਵੇ

ਇਸ਼ਕ ਦੇ ਰੰਗ 'ਚ ਭਿੱਜਦੇ ਭਿੱਜਦੇ
ਸਾਵਣ ਦੀ ਬਰਸਾਤ ਜੇ ਹੋਵੇ

ਤੇਰੀ ਹੋਵੇ ਜਿੱਤ ਜੇ ਹੋਵੇ
ਮੇਰੀ ਹੋਵੇ ਮਾਤ ਜੇ ਹੋਵੇ

ਕਾਲੀ ਕਾਲੀ ਰਾਤ ਵੀ ਚੰਗੀ
ਜੁਗਨੂੰਆਂ ਦੀ ਬਾਰਾਤ ਜੇ ਹੋਵੇ

ਦੇਵ ਉਥੇ ਜਾ ਕੇ ਵਸ ਜਾਈਏ
ਜਿਥੇ ਨਾ ਕੂੜ ਦੀ ਜ਼ਾਤ ਜੇ ਹੋਵੇ

*ਅਗਸਤ 09 2010*



## ਯਾਦ ਉਸਦੀ ਆਈ

ਯਾਦ ਉਸਦੀ ਆ ਗਈ ਮੈਂ ਰੋ ਪਿਆ
ਦੁੱਖ ਦੀ ਬੱਦਲੀ ਛਾ ਗਈ ਮੈਂ ਰੋ ਪਿਆ

ਮਹਿਫ਼ਿਲਾਂ ਵਿਚ ਵੀ ਇਕੱਲਾ ਮੈਂ ਰਿਹਾ
ਇਹ ਇਕੱਲ ਤੜਫ਼ਾ ਗਈ ਮੈਂ ਰੋ ਪਿਆ

ਰੱਬ ਨੇ ਹੀ ਨਾ ਸੁਣੀ ਫ਼ਰਿਆਦ ਜਦ
ਦਿਲ ਮਿਰਾ ਉਹ ਖਾ ਗਈ ਮੈਂ ਰੋ ਪਿਆ

ਮੇਰੇ ਵਰਗੀ ਸੀ ਕਹਾਣੀ ਓਸਦੀ
ਪੱਤਝੜ ਜਦ ਆ ਗਈ ਮੈਂ ਰੋ ਪਿਆ

ਹਰ ਕਲੀ ਤੇ ਬਾਗ਼ਾ ਵਿਚ ਆਈ ਬਹਾਰ
ਰੂਹ ਮੇਰੀ ਤਰਸਾ ਗਈ ਮੈਂ ਰੋ ਪਿਆ

*ਅਗਸਤ 15 2010*

## ਦਿਲ ਸਦਾ ਜ਼ਖ਼ਮ

ਦਿਲ ਸਦਾ ਜ਼ਖ਼ਮ ਸਹਿੰਦਾ ਰਿਹਾ
ਖ਼ੂਨ ਚਾਵਾਂ ਦਾ ਵਹਿੰਦਾ ਰਿਹਾ

ਪੀੜ ਅੱਲੇ ਜਿਹੇ ਜ਼ਖ਼ਮ ਦੀ
ਮੈਂ ਹਰਿਕ ਦਿਨ ਹੀ ਸਹਿੰਦਾ ਰਿਹਾ

ਛਾਪ ਛੱਡਕੇ ਉਹ ਦਿਲ 'ਤੇ ਗਏ
ਸੇਕ ਜਿਸ ਦਾ ਮੈਂ ਸਹਿੰਦਾ ਰਿਹਾ

ਦੇਵ ਭੁੱਲ ਜਾ ਤੂੰ ਹੁਣ ਪਿਆਰ ਨੂੰ
ਵਕਤ ਮੈਨੂੰ ਇਹ ਕਹਿੰਦਾ ਰਿਹਾ

*ਅਗਸਤ 20 2010*

## ਕਿਸ ਤਰ੍ਹਾਂ ਦਾ

ਕਿਸ ਤਰ੍ਹਾਂ ਦਾ ਦਰਦ ਹੈ
ਗੁਜ਼ਰੇ ਕੱਲ੍ਹ ਦੀ ਗ਼ਰਦ ਹੈ

ਇਹ ਨਾ ਘਟਣਾ ਜਾਣਦਾ
ਇਸ਼ਕ ਦਾ ਇਹ ਦਰਦ ਹੈ

ਵੇਖ ਤੇਰੇ ਪਿਆਰ ਵਿਚ
ਆਸ ਮੇਰੀ ਜ਼ਰਦ ਹੈ

ਹੰਝ ਮੇਰੇ ਗਰਮ ਹਨ
ਆਹ ਮੇਰੀ ਸਰਦ ਹੈ

ਵਧ ਰਿਹਾ ਬਸ ਵਧ ਰਿਹਾ
ਦੇਵ ਦਾ ਇਹ ਦਰਦ ਹੈ

*ਅਗਸਤ 24 2010*



## ਤੈਨੂੰ ਮੈਨੂੰ ਵਕਤ ਨੇ

ਤੈਨੂੰ ਮੈਨੂੰ ਵਕਤ ਨੇ ਕਰ ਦਿੱਤਾ ਮਜਬੂਰ
ਦੇਵ ਹਮੇਸ਼ਾ ਭਾਲਦਾ ਤੇਰਾ ਸਾਥ ਜਰੂਰ

ਪਾਣੀ ਉੱਤੇ ਝੜ ਗਿਆ ਹੁਣ ਮੈਂ ਗਲਦਾ ਬੂਰ
ਫ਼ਿਰ ਵੀ ਨਾ ਉਹ ਜਾਣਦਾ ਮੈਂ ਕਿਉਂ ਹਾਂ ਮਗਰੂਰ

ਤੂੰ ਕਹਿੰਦਾ ਸੀ ਰੌਜ਼ ਹੀ ਆਪਣਾ ਇਕ ਸਥਾਨ
ਅੱਜ ਕੱਲ ਤੂੰ ਤੇ ਮੈਂ ਜੁਦਾ ਸੱਤ ਸਮੁੰਦਰ ਦੂਰ

ਤੂੰ ਤਾਂ ਨੈਣ ਬਨੇਰਿਓਂ ਦਿੱਤਾ ਮੈਨੂੰ ਡੇਗ
ਪਰ ਮੈਂ ਕਿਸੇ ਦੀ ਅੱਖ ਵਿਚ ਵਸਦਾ ਨੂਰੋ ਨੂਰ

ਹੁਣ ਨਾ ਕਰ ਤੂੰ ਸਾਥੀਆ ਝੂਠੇ ਕੌਲ ਕਰਾਰ
ਇਕ ਦਿਨ ਇਹ ਸਭ ਟੁੱਟਕੇ ਹੋਏ ਚਕਨਾਚੂਰ

ਜੇ ਕਿਧਰੇ ਥੋੜੀ ਜਿਹੀ ਥਾਂ ਦੇ ਦੇਵੇਂ ਯਾਰ
ਮੈਂ ਤੇਰੇ ਨੈਣੀ ਵਸਾਂ ਵਸੇ ਜਿਉਂ ਪਿਆਰ ਸਰੂਰ

ਹੁਣ ਤੂੰ ਭਾਵੇਂ ਮਹਿਰਮਾ ਦੇਵ ਨੂੰ ਜਾਵੀਂ ਭੁੱਲ
ਉਹ ਤਾਂ ਤੇਰੇ ਨਾਮ ਤੋਂ ਹੋ ਚੁਕਿਆ ਮਸ਼ਹੂਰ

*ਅਗਸਤ 28 2010*

## ਇਹ ਦਰਦ ਕਹਾਣੀ

ਇਹ ਦਰਦ ਕਹਾਣੀ ਉਮਰਾਂ ਦੀ
ਇਹ ਮਰਜ਼ ਪੁਰਾਣੀ ਉਮਰਾਂ ਦੀ

ਹੁਣ ਪੀੜ ਹੀ ਦਿਲ ਵਿਚ ਬਸ ਬੈਠੀ
ਜਿਉਂ ਹੋਵੇ ਸੁਆਣੀ ਉਮਰਾਂ ਦੀ

ਇਹ ਪੀੜ ਕਦੇ ਘਟਦੀ ਹੈ ਭਲਾ
ਇਹ ਤਾਂ ਹੈ ਕਹਾਣੀ ਉਮਰਾਂ ਦੀ

ਮੇਰੇ ਨਾ ਕੁੱਝ ਵੀ ਹੱਥ ਆਇਆ
ਮੈਂ ਖ਼ਾਕ ਹੇ ਛਾਣੀ ਉਮਰਾਂ ਦੀ

ਕੀ ਦੇਵ ਵਿਚਾਰੇ ਦੇ ਪੱਲੇ
ਇਕ ਗੀਤ ਨਿਮਾਣੀ ਉਮਰਾਂ ਦੀ

*ਅਗਸਤ 30 2010*



## ਮੈਨੂੰ ਉਸ ਦੇ ਪਿਆਰ

ਮੈਨੂੰ ਉਸ ਦੇ ਪਿਆਰ ਨੇ ਹੀ ਮਾਰਿਆ
ਹਾਂ ਇਕ ਇਨਕਾਰ ਨੇ ਹੀ ਮਾਰਿਆ

ਹੋਰ ਕਿੰਨਾਂ ਮੈਂ ਬਚਾਉਂਦਾ ਦਿਲ ਜਿਗਰ
ਅੱਖ ਦੀ ਤਲਵਾਰ ਨੇ ਹੀ ਮਾਰਿਆ

ਤੇਰੀ ਹਰ ਇਕ ਗੱਲ 'ਤੇ ਜਾਂਦਾ ਸੀ ਨਿਸਾਰ
ਮੈਨੂੰ ਇਸ ਵਿਵਹਾਰ ਨੇ ਹੀ ਮਾਰਿਆ

ਜੀ ਰਿਹਾ ਹਾਂ ਇਕ ਤੇਰੀ ਹੀ ਦੀਦ ਨੂੰ
ਬਸ ਤੇਰੇ ਦੀਦਾਰ ਨੇ ਹੀ ਮਾਰਿਆ

ਲੋਕ ਛਿਗ ਛਿਗ ਕੇ ਕਮਾਈਆਂ ਕਰ ਗਏ
ਦੇਵ ਨੂੰ ਕਿਰਦਾਰ ਨੇ ਹੀ ਮਾਰਿਆ

*ਅਗਸਤ 31 2010*

## ਤੈਨੂੰ ਭੁੱਲਣਾ ਰੱਬ

ਤੈਨੂੰ ਭੁੱਲਣਾ ਰੱਬ ਦੀ ਹੀ ਹੈ ਰਜ਼ਾ
ਦੇਵ ਦੇ ਦਿਲ ਨੂੰ ਮਿਲੀ ਹੈ ਇਹ ਸਜ਼ਾ

ਮੈਂ ਮੁਹੱਬਤ ਵਿੱਚ ਕੀਤੀ ਹੈ ਖ਼ਤਾ
ਕਰ ਲਿਆ ਵਿਸ਼ਵਾਸ਼ ਬਣਦੀ ਹੈ ਸਜ਼ਾ

ਤੈਨੂੰ ਥੋੜਾ ਥੋੜਾ ਕਰਕੇ ਭੁੱਲ ਰਿਹਾਂ
ਥੋੜਾ ਥੋੜਾ ਇਸ 'ਚ ਵੀ ਆਉਂਦੇ ਮਜ਼ਾ

ਜਦ ਖ਼ਿਜ਼ਾਂ ਆਈ ਮੇਰੇ ਅਰਮਾਨ 'ਤੇ
ਮਹਿਕਦੀ ਹੀ ਜਾ ਰਹੀ ਤੇਰੀ ਫ਼ਜ਼ਾ

ਦੇਵ ਤੋਂ ਜਦ ਉਸਨੇ ਅੱਖਾਂ ਫ਼ੇਰੀਆਂ
ਰੀਝ ਮੇਰੀ ਉੱਤੇ ਆਈ ਸੀ ਕਜ਼ਾ

*ਸਤੰਬਰ 02 2010*



## ਮੁੜ ਕੇ ਓਹੀ

ਮੁੜ ਕੇ ਓਹੀ ਪਲ ਤੂੰ ਦੇ ਦੇ
ਜਾਂ ਫ਼ਿਰ ਕੋਈ ਸੱਲ ਤੂੰ ਦੇ ਦੇ

ਉਲਝਣ ਉਲਝਣ ਮੇਰਾ ਜੀਵਨ
ਇਸਦਾ ਕੋਈ ਹੱਲ ਤੂੰ ਦੇ ਦੇ

ਝੁਲਸ ਰਿਹਾ ਹਾਂ ਮੈਂ ਤਾਂ ਲੂ ਵਿਚ
ਅਪਣੀ ਪ੍ਰੀਤ ਦਾ ਜਲ ਤੂੰ ਦੇ ਦੇ

ਦਿਲ ਦੇ ਦੀਪ ਤੇ ਫ਼ੂਕ ਨਾ ਮਾਰੀਂ
ਸੜ ਬਲ ਜਾਣ ਨੂੰ ਪਲ ਤੂੰ ਦੇ ਦੇ

ਸਬਰ ਕਰਾਇਆ ਹੈ ਤੂੰ ਬਥੇਰਾ
ਹੁਣ ਤਾਂ ਦੇਵ ਨੂੰ ਫਲ ਤੂੰ ਦੇ ਦੇ

*ਸਤੰਬਰ 05 2010*

## ਕਿਉਂ ਤੂੰ ਲਾਈਆਂ

ਕਿਉਂ ਤੂੰ ਲਾਈਆਂ ਅੱਖੀਆਂ ਕਜਰਾਰੀਆਂ
ਜੇ ਤੂੰ ਗੱਲਾਂ ਕਰਨੀਆਂ ਵਣਜਾਰੀਆਂ

ਕਿਉਂ ਨਾ ਯਾਰਾ ਤੂੰ ਨਿਭਾਈਆਂ ਯਾਰੀਆਂ
ਰੋ ਰੋ ਅੱਖੀਆਂ ਮੇਰੀਆਂ ਹਨ ਹਾਰੀਆਂ

ਝੂਠਿਆ ਉਮਰਾਂ ਦੇ ਵਾਅਦੇ ਕਰਕੇ ਤੂੰ
ਦਿੱਤੀਆਂ ਨੇ ਦਿਲ ਨੂੰ ਖੱਜਲ ਖ਼ੁਆਰੀਆਂ

ਤੂੰ ਕਿਹਾ ਸੀ ਤੇਰੀ ਮੇਰੀ ਇੱਕ ਜਿੰਦ
ਕਿਉਂ ਤੂੰ ਫ਼ਿਰ ਦੇ ਦਿੱਤੀਆਂ ਦੁਸ਼ਵਾਰੀਆਂ

ਸਾਥ ਉਮਰਾਂ ਦਾ ਜੇ ਮਿਲਦਾ ਦੇਵ ਨੂੰ
ਹਸ਼ਰ ਤੀਕਰ ਫ਼ਿਰ ਤਾਂ ਸਨ ਸਰਦਾਰੀਆਂ

ਦੇਵ ਸਿੱਧੇ ਰਾਹ ਤੇ ਸੀ ਹੀ ਤੁਰ ਰਿਹਾ
ਤੋੜਿਆ ਦਿਲ ਕਰਕੇ ਤੂੰ ਹੁਸ਼ਿਆਰੀਆਂ

*ਸਤੰਬਰ 10 2010*



## ਬੰਦਾ

ਬੰਦਾ ਵੇਖੋ ਕੀ ਕੀ ਕਰਦਾ
ਰਿੜਦਾ ਖੜਦਾ ਜੀਂਦਾ ਮਰਦਾ

ਬੰਦਾ ਰਹਿੰਦਾ ਰੁੜਦਾ ਖ਼ਪਦਾ
ਹਰਦਾ ਜਿੱਠਦਾ ਜਿੱਤਦਾ ਹਰਦਾ

ਸਾਰੀ ਉਮਰੇ ਸੰਘਰਸ਼ ਕਰਦਾ
ਗਰਮੀ ਸਰਦੀ ਨਿੱਤ ਆ ਜਰਦਾ

ਲੱਖ ਕਰੇ ਇਹ ਯਤਨ ਤੇ ਹੀਲੇ
ਫ਼ਿਰ ਵੀ ਹਰਦਮ ਇਹ ਤਾਂ ਮਰਦਾ

ਰੱਬ ਨੂੰ ਵੀ ਇਹ ਅੱਖ਼ਾਂ ਕੱਢਦਾ
ਦੇਵ ਕਿਸੇ ਤੋਂ ਇਹ ਨਾ ਡਰਦਾ

*ਅਕਤੂਬਰ 29 2010*

## ਗੱਲ ਗੱਲ ਤੇ

ਗੱਲ ਗੱਲ ਤੇ ਤਕਰਾਰ ਨਾ ਕਰ
ਊਂਝ ਹੀ ਯਾਰ ਖ਼ੁਆਰ ਨਾ ਕਰ

ਮੇਰੇ ਦਿਲਦਾਰਾ ਤੂੰ ਆ ਜਾ
ਮੈਨੂੰ ਹੋਰ ਖ਼ੁਆਰ ਨਾ ਕਰ

ਤੇਰੇ ਦਰ ਦਾ ਮੈਂ ਹਾਂ ਸਵਾਲੀ
ਜ਼ਿਕਰ ਸਰੇ-ਬਜ਼ਾਰ ਨਾ ਕਰ

ਤੇਰੀ ਯਾਦ 'ਚ ਤਾਰੇ ਗਿਣਾਂ
ਮੈਨੂੰ ਇਉਂ ਬੇਜ਼ਾਰ ਨਾ ਕਰ

ਚਾਹੁੰਦਾ ਹਾਂ ਤੇਰਾ ਇਕਰਾਰ
ਤੂੰ ਮੈਨੰ ਇਨਕਾਰ ਨਾ ਕਰ

ਜੋ ਛੱਡ ਅੱਧ ਵਿਚਕਾਰ ਗਿਆ
ਜ਼ਿਕਰ ਉਸਦਾ ਹਰਵਾਰ ਨਾ ਕਰ

ਉਲਫ਼ਤ ਵਿਚ ਛੱਡ ਜਾਣ ਦੀ ਗੱਲ
ਤੂੰ ਹਰਵਾਰ ਓ ਯਾਰ ਨਾ ਕਰ

ਜੇ ਤੇਨੂੰ ਮੁਹੱਬਤ ਹੈ ਤਾਂ ਹੈ
ਦੇਵ ਇਸ ਦਾ ਇਜ਼ਹਾਰ ਨਾ ਕਰ

*ਅਕਤੂਬਰ 18 2010*



## ਉਹ ਗਿਆ ਯਾਰੋ

ਉਹ ਗਿਆ ਯਾਰੋ ਕਿ ਹੁਣ ਨਾ ਆਏਗਾ
ਕਿਸ ਤਰ੍ਹਾਂ ਗ਼ਮ ਉਸਦਾ ਝੱਲਿਆ ਜਾਏਗਾ

ਸ਼ਾਮ ਜੇ ਇੰਝ ਹੀ ਰਹੀ ਅੰਦਰ ਮੇਰੇ
ਫ਼ਿਰ ਹਨੇਰਾ ਰੂਹ 'ਤੇ ਉਸਦਾ ਛਾਏਗਾ

ਯਾਦ ਉਸਦੀ ਜੇ ਸਤਾਉਂਦੀ ਹੀ ਰਹੀ
ਵਾਂਗ ਘੁਣ ਝੋਰਾ ਉਦ੍ਹਾ ਖਾ ਜਾਏਗਾ

ਜੋ ਨਹੀਂ ਕਰਨਾ ਸੀ ਆਖ਼ਿਰ ਕਰ ਲਿਆ
ਉਮਰ ਭਰ ਹੁਣ ਦਿਲ ਬਹੁਤ ਪਛਤਾਏਗਾ

ਝੜਨਗੇ ਪੱਤੇ ਹੋ ਪੀਲੇ ਹੈ ਖ਼ਿਜ਼ਾਂ
ਅੱਖ ਹੈ ਜਿਸ ਫ਼ੁੱਲ ਤੇ ਉਹ ਝੜ ਜਾਏਗਾ

ਵਣਜ ਦਿਲ ਦਾ ਕੀਤਾ ਉਸਦੀ ਯਾਦ ਨੇ
ਦੇਵ ਦਿਲ ਯਾਦਾਂ 'ਚ ਹੀ ਵਿਕ ਜਾਏਗਾ

ਦੇਵ ਨੂੰ ਜੋ ਫ਼ੱਟ ਮਿਲਿਆ ਪਿਆਰ ਵਿਚ
ਇਹ ਯੁੱਗਾਂ ਤੱਕ ਦੁਖਦਾ ਦੁਖਦਾ ਜਾਏਗਾ

*ਨਵੰਬਰ 14 2010*

## ਜਦੋਂ ਤੀਕ ਅੰਬਰ

ਜਦੋਂ ਤੀਕ ਅੰਬਰ ਤੇ ਤਾਰੇ ਰਹਿਣਗੇ
ਸਰੋਵਰ ਤਾਂ ਖ਼ਾਬਾਂ ਦੇ ਖ਼ਾਰੇ ਰਹਿਣਗੇ

ਜੋ ਧੀਆਂ ਦੇ ਕਾਤਲ ਸਜ਼ਾ ਤੋਂ ਬਿਨਾ ਉਹ
ਕਦੋਂ ਤੀਕ ਫ਼ਿਰਦੇ ਹੰਕਾਰੇ ਰਹਿਣਗੇ

ਤੂੰ ਵਤਨਾਂ ਦੀ ਮਿੱਟੀ ਨੂੰ ਕਿਥੇ ਲਿਜਾਣਾ
ਇਹ ਰੋ ਰੋ ਨਦੀ ਨੂੰ ਕਿਨਾਰੇ ਕਹਿਣਗੇ

ਹਮੇਸ਼ਾ ਹੀ ਹੰਝੂ ਨੇ ਅੱਖਾਂ ਤੇ ਰੁਕਣੇ
ਉਮਰ ਭਰ ਇਹ ਸਿੱਲ੍ਹੇ ਦੁਆਰੇ ਰਹਿਣਗੇ

ਜੇ ਤੂੰ ਰੀਝ ਵਾਂਗੂ ਪਰੇ ਹੋ ਗਿਆ ਤਾਂ
ਫਿਰ ਅੱਖਾਂ ਦੇ ਕਿਹੜੇ ਸਹਾਰੇ ਰਹਿਣਗੇ

ਜ਼ਿਕਰ ਦੇਵ ਕੱਲ ਦਾ ਤੂੰ ਹੁਣ ਤਾਂ ਰਹਿਣਦੇ
ਨ ਕੱਲ੍ਹ ਨੂੰ ਇਹ ਸੂਰਜ ਨਾ ਤਾਰੇ ਰਹਿਣਗੇ

*ਨਵੰਬਰ 18 2010*



## ਜ਼ਿੰਦਗੀ ਵਿਚ ਜੇ

ਜ਼ਿੰਦਗੀ ਵਿਚ ਜੇ ਇੰਝ ਹੀ ਰਹੇਗਾ ਖ਼ਲਾ
ਫ਼ਿਰ ਤਾਂ ਸ਼ਿਕਵਾ ਹਮੇਸ਼ਾ ਰਹੇਗਾ ਦਿਲਾ

ਝੋਰਾ ਜੇ ਜ਼ਿੰਦਗੀ ਨੂੰ ਹੀ ਲੱਗਾ ਰਿਹਾ
ਫ਼ੇਰ ਬਿਰਹੋਂ ਦਾ ਟੁੱਟਣਾ ਨਹੀਂ ਸਿਲਸਿਲਾ

ਬਿਰਖ ਬੌਣਾ ਸਮੇਂ ਤੋਂ ਹੋ ਪਹਿਲਾਂ ਗਿਆ
ਫ਼ੇਰ ਮਾਲੀ ਕੀ ਉਸਦਾ ਕਰੇਗਾ ਭਲਾ

ਜੇ ਮੁਹੱਬਤ 'ਚ ਤਨਹਾ ਰਿਹਾ ਮੈਂ ਸਦਾ
ਫ਼ੇਰ ਦਿਲ ਤੇ ਰਹੂ ਦੁੱਖ ਦਾ ਜ਼ਲਜ਼ਲਾ

ਹਸਰਤਾਂ ਦਾ ਮੁਕੱਦਰ ਜੇ ਭਖ਼ਦਾ ਰਿਹਾ
ਦੇਵ ਮਿਟਦਾ ਰਹੇਗਾ ਜਿਵੇਂ ਬੁਲਬੁਲਾ

*ਦਸੰਬਰ 05 2010*

## ਕਿਹਾ ਹੈ ਲੱਗੇ ਸੁੱਕਿਆਂ

ਕਿਹਾ ਹੈ ਲੱਗੇ ਸੁੱਕਿਆਂ ਪੱਤਿਆਂ ਨੇ
ਅਸੀਂ ਸੜ ਜਾਣਾ ਡਿਗਿਆਂ ਪੱਤਿਆਂ ਨੇ

ਅਸੀਂ ਰੁਲ ਜਾਣਾ ਹੈ ਵਿਚ ਰਸਤਿਆਂ ਦੇ
ਜਿਵੇਂ ਪੌਣਾ 'ਚ ਉਡਿਆਂ ਪੱਤਿਆਂ ਨੇ

ਅਸਾਡੀ ਉਮਰ ਪੱਤਝੜ ਤੱਕ ਹੀ ਸੀ
ਅਸੀਂ ਗਲਣਾ ਹੈ ਝੜਿਆਂ ਪੱਤਿਆਂ ਨੇ

ਉਹ ਰੁੱਖਾਂ ਤੋਂ ਜਦੋਂ ਦੇ ਵੱਖ ਹੋਏ
ਸਹਾਰੇ ਖੋਏ ਟੁੱਟਿਆਂ ਪੱਤਿਆਂ ਨੇ

ਨਾ ਰੋਲੋ ਸਾਨੂੰ ਪੈਰਾਂ ਹੇਠ ਆਪਣੇ
ਨਹੀਂ ਕਹਿਣਾ ਹੈ ਝੜਿਆਂ ਪੱਤਿਆਂ ਨੇ

ਗਿਲਾ ਕੀ ਦੇਵ ਪੱਤਝੜ ਤੇ ਭਲਾ ਹੁਣ
ਸੁਨੇਹੇ ਦਿੱਤੇ ਝੜਿਆਂ ਪੱਤਿਆਂ ਨੇ

*ਫ਼ਰਵਰੀ 23 2011*



## ਸੌਂ ਸਕੇ ਨਾ ਅਸੀਂ

ਸੌਂ ਸਕੇ ਨਾ ਅਸੀਂ ਕਈ ਸਦੀਆਂ
ਨੈਣ ਵਗਦੇ ਜਿਵੇਂ ਵਗਣ ਨਦੀਆਂ

ਥਲ ਜਿਵੇਂ ਬੱਦਲੀਆਂ ਨੂੰ ਚਾਹੁੰਦੇ ਨੇ
ਤੈਨੂੰ ਅੱਖਾਂ ਉਵੇਂ ਉਡੀਕ ਦੀਆਂ

ਦੀਦ ਤੇਰੀ ਦਾ ਮੀਂਹ ਹੀ ਨਾ ਵਰ੍ਹਿਆ
ਦਿਲ 'ਚ ਰੀਝਾਂ ਨੇ ਅੱਜ ਵੀ ਸੁਲਗਦੀਆਂ

ਦੇਵ ਕੀ ਜ਼ਿੰਦਗੀ ਦਾ ਭਰਵਾਸਾ
ਹਾਲੇ ਅੱਖਾਂ ਨੇ ਰਸਤੇ ਵੇਖਦੀਆਂ

*ਮਾਰਚ 22 2011*

## ਜ਼ਿੰਦਗੀ ਦਰਦ ਦਾ

ਜ਼ਿੰਦਗੀ ਦਰਦ ਦਾ ਕਾਫ਼ਲਾ ਹੈ
ਪਿਆਰ ਦਾ ਦਿਲ 'ਚ ਪਰ ਵਲਵਲਾ ਹੈ

ਵਰਜਿਆ ਦਿਲ ਨੂੰ ਸੀ ਮੈਂ ਬਹੁਤ ਪਰ
ਨਾ ਇਹ ਟਲਿਆ ਇਹ ਤਾਂ ਮਨਚਲਾ ਹੈ

ਜ਼ਿੰਦ ਮੁਕਣੀ ਤੇਰੀ ਆਰਜ਼ੂ ਵਿਚ
ਹਸ਼ਰ ਤਕ ਤੜਪ ਦਾ ਕਾਫ਼ਲਾ ਹੈ

ਤੂੰ ਮਿਲੇਂ ਤਾਂ ਇਹ ਜੀਵਨ ਹੈ ਜੀਵਨ
ਦਿਲ ਉਮੰਗਾਂ ਦਾ ਹੀ ਸਿਲਸਿਲਾ ਹੈ

ਤੂੰ ਕਹੇਂ ਮੈਂ ਹਾਂ ਝੱਲਾ ਸਹੀ ਹੈ
ਝੱਲ ਮੇਰੇ ਲਈ ਇਹ ਭਲਾ ਹੈ

ਇਸ਼ਕ ਤੇਰੇ 'ਚ ਦਿਨ ਰਾਤ ਤੜਪੇ
ਦੇਵ ਤੇਰਾ ਨਿਰਾ ਦਿਲਜਲਾ ਹੈ

*ਅਪਰੈਲ 15 2011*



## ਵੇਖ ਮੇਰਾ ਦਰਦ

ਵੇਖ ਮੇਰਾ ਦਰਦ ਵੀ ਜਰ ਕੇ ਕਦੀ
ਵਾਂਗ ਮੇਰੇ ਅੱਖਾਂ ਤੂੰ ਭਰ ਕੇ ਕਦੀ

ਹੌਕਿਆਂ ਹਾਂਵਾਂ 'ਚ ਬੀਤੀ ਹੈ ਮੇਰੀ
ਤੂੰ ਵੀ ਹਉਕੇ ਵੇਖ ਤਾਂ ਭਰ ਕੇ ਕਦੀ

ਦੀਦ ਖ਼ਾਤਿਰ ਮੈਂ ਤਾਂ ਬਣਿਆ ਰੁੱਖ ਹਾਂ
ਤੇਰੇ ਮੁੱਖ ਤੋਂ ਪਰਦਾ ਵੀ ਸਰਕੇ ਕਦੀ

ਜਿੰਦਗੀ ਵਿਚ ਮੈਂ ਤਾਂ ਹਰਦਾ ਹੀ ਰਿਹਾ
ਵੇਖ ਲੈ ਤੂੰ ਵੀ ਜ਼ਰਾ ਹਰ ਕੇ ਕਦੀ

ਦੇਰ ਤੋਂ ਕਾਸਾ ਮੈਂ ਫੜ ਕੇ ਹਾਂ ਖੜ੍ਹਾ
ਖ਼ੈਰ ਪਾ ਦੇ ਹੁਸਨ ਬੁੱਕ ਭਰ ਕੇ ਕਦੀ

ਵਾਂਗ ਪ੍ਰਵਾਨੇ ਸ਼ਮਾਂ 'ਤੇ ਮਰ ਗਿਆ
ਵੇਖ ਸ਼ਮਾਂ ਉਤੇ ਤੂੰ ਮਰ ਕੇ ਕਦੀ

ਇਸ਼ਕ ਦੇ ਦਰਿਆ 'ਚ ਮੈਂ ਤਾਂ ਖਰ ਗਿਆ
ਇਸ਼ਕ ਵਿਚ ਤੂੰ ਵੀ ਵਿਖਾ ਖਰ ਕੇ ਕਦੀ

ਸਰ ਗ਼ਮਾਂ ਦੇ ਮੈਂ ਵੀ ਰੋ ਰੋ ਨੇ ਤਰੇ
ਹੱਸ ਕੇ ਹੀ ਤੂੰ ਵੀ ਵਿਖਾ ਤਰ ਕੇ ਕਦੀ

ਦੇਵ ਦੇ ਜੀਵਨ ਦੀ ਇੱਛਾ ਹੈ ਇਹੀ
ਵੇਖ ਉਸਨੂੰ ਤੂੰ ਨਜ਼ਰ ਭਰ ਕੇ ਕਦੀ

*ਜੁਲਾਈ 04 2011*

## ਦੇਵ ਹੁਣ ਖ਼ਾਮੋਸ਼

ਦੇਵ ਹੁਣ ਖ਼ਾਮੋਸ਼ ਹੈ ਹੱਸਦਾ ਨਹੀਂ
ਦੁੱਖ ਕਿਸੇ ਨੂੰ ਫ਼ਿਰ ਵੀ ਉਹ ਦੱਸਦਾ ਨਹੀਂ

ਸੋਚ ਨਾ ਤੂੰ ਤੇਨੂੰ ਉਹ ਹੈ ਭੁੱਲ ਗਿਆ
ਰੋਜ਼ ਚੇਤੇ ਕਰਦਾ ਹੈ ਦੱਸਦਾ ਨਹੀਂ

ਪਿਆਰ ਬਾਹਰੋਂ ਭਾਵੇਂ ਜਾਪੇ ਮਰ ਰਿਹਾ
ਅੰਦਰੋਂ ਪਰ ਇਹ ਕਦੀ ਮਰਦਾ ਨਹੀਂ

ਫ਼ਿਕਰ ਦਾ ਘੁਣ ਉਸਨੂੰ ਵੀ ਹੈ ਖਾ ਰਿਹਾ
ਦੁੱਖ ਕਿਸੇ ਨੂੰ ਆਪਣਾ ਦੱਸਦਾ ਨਹੀਂ

ਤੂੰ ਹੀ ਪਰਦੇ ਰੱਖਦਾ ਸੀ ਓਸ ਤੋਂ
ਉਸ ਨੇ ਰੱਖਿਆ ਪਰ ਕਦੇ ਪਰਦਾ ਨਹੀਂ

ਹੈ ਜਦੋਂ ਦਾ ਉਸ ਨੇ ਸਿੱਖਿਆ ਉੱਡਣਾ
ਜਾਲ਼ ਵਿਚ ਉਹ ਸੌਖਿਆਂ ਫ਼ਸਦਾ ਨਹੀਂ

ਸਭਦੀਆਂ ਰਾਹਾਂ ਤੇ ਕੰਡੇ ਨੇ ਬਹੁਤ
ਰਾਹਬਰ ਪਰ ਰਾਹ ਕੋਈ ਦੱਸਦਾ ਨਹੀਂ

ਦੇਵ ਦੇ ਦਿਲ ਵਿੱਚ ਜਦੋਂ ਤੋਂ ਵਸ ਗਿਉਂ
ਹੋਰ ਕੋਈ ਦਿਲ 'ਚ ਹੁਣ ਵਸਦਾ ਨਹੀਂ

*ਜੁਲਾਈ 13 2011*



## ਤੂੰ ਨਾ ਰੋ ਹੁਣ

ਤੂੰ ਨਾ ਰੋ ਹੁਣ ਬੀਤੇ ਕੱਲ੍ਹ 'ਤੇ
ਲੇਖ ਬਦਲ ਲੈ ਅਪਣੇ ਬਲ 'ਤੇ

ਗ਼ਮ ਘਟ ਹੀ ਜਾਵਣਗੇ ਯਾਰੋ
ਹੰਭਲਾ ਮਾਰੋ ਸਾਰੇ ਰਲ਼ ਕੇ

ਮਿਟ ਜਾਣਾ ਹੈ ਮੈਂ ਤਾਂ ਕੱਲ੍ਹ ਨੂੰ
ਲੀਕ ਜਿਵੇਂ ਹਾਂ ਕੋਈ ਜਲ 'ਤੇ

ਦਿਲ ਦੇ ਜ਼ਖਮ ਅਜੇ ਅੱਲ੍ਹੇ ਨੇ
ਹੋਰ ਨਾ ਤੂੰ ਹੁਣ ਮੈਨੂੰ ਸੱਲ੍ਹ ਦੇ

ਵਸਲੋਂ ਹੀਣਾ ਬ੍ਰਿਖ਼ ਹਾਂ ਕੋਈ
ਮੈਂ ਜਿਉਂ ਉੱਗਿਆ ਹਾਂ ਵਿਚ ਥਲ ਦੇ

ਮੰਜ਼ਿਲ ਦੇ ਰੰਗ ਜੇਕਰ ਚਾਹੇਂ
ਵੇਖ ਮੇਰੇ ਵਾਂਗਰ ਤੂੰ ਬਲ ਕੇ

ਜਿੰਦ 'ਚੋਂ ਦੂਰ ਭਜਾਦੇ 'ਨੇਰਾ
ਵਾਂਗ ਜੁਗਨੂੰਆਂ ਦੇ ਤੂੰ ਬਲ ਕੇ

ਦਿਲ ਕੀ ਜਾਨ ਵੀ ਤੇਰੀ ਹੀ ਸੀ
ਦੱਸ ਕੀ ਖੱਟਿਆ ਦੇਵ ਨੂੰ ਵਲ ਕੇ?

*ਜੁਲਾਈ 29 2011*

## ਦਿਲ ਨੂੰ ਹੀ ਦਿਲ ਦਾ

ਦਿਲ ਨੂੰ ਹੀ ਦਿਲ ਦਾ ਜੇ ਪਤਾ ਹੁੰਦਾ
ਫ਼ਿਰ ਨਾ ਦਿਲ ਦਿਲ ਤੋਂ ਹੀ ਖ਼ਫ਼ਾ ਹੁੰਦਾ

ਦਿਲ ਨੂੰ ਜੇ ਦਿਲ ਹੀ ਸਮਝਿਆ ਹੁੰਦਾ
ਦਿਲ ਨੂੰ ਫ਼ਿਰ ਦਿਲ ਤੋਂ ਕੁਝ ਨਫ਼ਾ ਹੁੰਦਾ

ਮੈਂ ਕਦੇ ਵੀ ਨਾ ਪਿਆਰ ਕਰਦਾ ਜੇ
ਜੇ ਤੇਰੇ ਦਿਲ ਦਾ ਕੁੱਝ ਪਤਾ ਹੁੰਦਾ

ਦੇਵ ਨਾ ਕਰ ਤੂੰ ਦਿਲ ਦੀਆਂ ਗੱਲਾਂ
ਕੀ ਇਹ ਕੰਬਖ਼ਤ ਦਾ ਪਤਾ ਹੁੰਦਾ

*ਜੁਲਾਈ 01 2011*



## ਯਾਦ ਆਵਾਂਗਾ ਭੁਲਾ ਕੇ

ਯਾਦ ਆਵਾਂਗਾ ਭੁਲਾ ਕੇ ਵੇਖ ਲੈ
ਦਰਦ ਜਾਗੇਗਾ ਸੁਲਾ ਕੇ ਵੇਖ ਲੈ

ਬੁਝ ਨਹੀਂ ਸਕਦਾ ਕਦੇ ਮੇਰਾ ਵਿਯੋਗ
ਭਾਵੇਂ ਤੂੰ ਖ਼ਤ ਵੀ ਜਲਾ ਕੇ ਵੇਖ ਲੈ

ਹੱਜ ਕਰੀਂ ਭਾਵੇਂ ਕਰੀਂ ਤੀਰਥ ਤੂੰ ਲੱਖ
ਦਿਲ 'ਚ ਹੈ ਉਹ ਆਜ਼ਮਾ ਕੇ ਵੇਖ ਲੈ

ਝੋਰਿਆਂ ਵਿਚ ਬੀਤਣੀ ਏ ਹੁਣ ਤੇਰੀ
ਰੱਬ ਨੂੰ ਵੀ ਭਾਵੇਂ ਬੁਲਾ ਕੇ ਵੇਖ ਲੈ

ਮੇਰੇ ਸਾਹਾਂ ਵਿਚ ਵਸੀ ਧੜਕਣ ਤੇਰੀ
ਸਾਹ 'ਚ ਸਾਹ ਵੀ ਤੂੰ ਮਿਲਾ ਕੇ ਵੇਖ ਲੈ

ਜ਼ਿੰਦਗੀ ਵਿਚ ਜੇ ਉਦਾਸੀ ਛਾ ਰਹੀ
ਕੋਲ ਹਾਂ ਤੇਰੇ ਬੁਲਾ ਕੇ ਵੇਖ ਲੈ

ਦੇਵ ਤੇਰੀ ਹਰ ਖ਼ੁਸ਼ੀ ਵਿਚ ਖ਼ੁਸ਼ ਰਹੂ
ਉਸਨੂੰ ਭਾਵੇਂ ਤੂੰ ਰੁਆ ਕੇ ਵੇਖ ਲੈ

ਰਾਖ ਬਣ ਕੇ ਵੀ ਰਹੂ ਉਹ ਤੇਰਾ ਹੀ
ਦੇਵ ਨੂੰ ਭਾਵੇਂ ਜਲਾ ਕੇ ਵੇਖ ਲੈ

*ਜੂਨ 23 2011*

## ਭੇੜਾ ਵਣਜ ਪਿਆਰ

ਭੇੜਾ ਵਣਜ ਪਿਆਰ ਓ ਦੇਵ
ਟੁੱਟਦਾ ਅੱਧਵਿਚਕਾਰ ਓ ਦੇਵ

ਧਨ ਬਣਿਆ ਦਿਲਦਾਰ ਓ ਦੇਵ
ਧਨ ਦਾ ਹੈ ਸਤਿਕਾਰ ਓ ਦੇਵ

ਜੀਣ ਗ਼ਰੀਬਾਂ ਦਾ ਕੀ ਹੁੰਦਾ
ਪੁੱਛਦੀ ਨਾ ਸਰਕਾਰ ਓ ਦੇਵ

ਤੂੰ ਵਿਸ਼ਵਾਸ਼ ਨਾ ਸਭ ਦਾ ਕਰ
ਧੋਖਾ ਹੈ ਹਰਵਾਰ ਓ ਦੇਵ

ਦੁਨੀਆ ਜਿੱਤਣੀ ਸੌਖੀ ਹੈ
ਤੰਗ ਕਰੇ ਕਿਰਦਾਰ ਓ ਦੇਵ

ਕੀ ਕਿਸ ਦੀ ਔਕਾਤ ਬੜੀ
ਕੌਣ ਕਰੇ ਇਤਬਾਰ ਓ ਦੇਵ

*ਜਨਵਰੀ 02 2013*



## ਸਾਰੀ ਉਮਰ ਨਾ

ਸਾਰੀ ਉਮਰ ਨਾ ਕੀਤਾ ਯਾਦ
ਕਿਉਂ ਰੋਨੈ ਹੁਣ ਮੇਰੇ ਬਾਅਦ

ਪੀੜ ਹਿਜਰ ਦੀ ਹੁੰਦੀ ਕੀ
ਤੂੰ ਕੀ ਜਾਣੇ ਤੂੰ ਤਾਂ ਸ਼ਾਦ

ਬਿਰਖ ਹਰੇ ਹੀ ਕਰਦੇ ਛਾਂ
ਸੁੱਕੇ ਹਾਂ ਹੁਣ ਸਭ ਬਰਬਾਦ

ਮੈਂ ਹਾਂ ਟੁੱਟ ਰਿਹਾ ਤਾਰਾ
ਚਮਕਾਂ ਭਾਵੇਂ ਖ਼ਤਮ ਮਿਆਦ

ਸਭ ਪਰਛਾਵੇਂ ਸੂਰਜ ਨਾਲ
ਇਹੀ ਸਭ ਦੀ ਹੈ ਬੁਨਿਆਦ

ਦੇਵ ਸਵਾਲੀ ਹੈ ਤੇਰਾ
ਇਸ ਦੀ ਹੀ ਕੁਝ ਦੇ ਦੇ ਦਾਦ

*ਜਨਵਰੀ 03 2013*

## ਮੇਰੇ ਬਾਅਦ ਮੇਰਾ

ਮੇਰੇ ਬਾਅਦ ਮੇਰਾ ਅਹਿਸਾਸ ਤਾਂ ਹੋਵੇਗਾ
ਮੇਰੀ ਯਾਦ 'ਚ ਦਿਲ ਕੁਝ ਉਦਾਸ ਤਾਂ ਹੋਵੇਗਾ

ਯਾਦਾਂ ਜੋ ਅਫ਼ਸਾਨੇ ਬਣ ਹੀ ਗਈਆਂ ਨੇ
ਜ਼ਿਕਰ ਉਹਨਾਂ ਦਾ ਅਕਸਰ ਖ਼ਾਸ ਤਾਂ ਹੋਵੇਗਾ

ਜਦ ਮਹਿਫ਼ਿਲ ਵਿਚ ਮੇਰੀ ਗੱਲ ਛਿੜ ਜਾਏਗੀ
ਚਰਚਾ ਜਜ਼ਬਾਤਾਂ ਦਾ ਖ਼ਾਸ ਤਾਂ ਹੋਵੇਗਾ

ਸੂਲ ਜਿਹੀ ਇਕ ਯਾਦ ਮੇਰੀ ਆਵੇਗੀ ਜਦ
ਮੇਰਾ ਗੀਤ ਮਸੀਹਾ ਪਾਸ ਤਾਂ ਹੋਵੇਗਾ

ਭਾਵੇਂ ਮੈਨੂੰ ਤੂੰ ਭੁਲ ਜਾਵੇਂ ਐ ਪਿਆਰੇ
ਦੇਵ ਹਮੇਸ਼ਾਂ ਪ੍ਰੇਮ ਦਾ ਦਾਸ ਤਾਂ ਹੋਵੇਗਾ

*ਜੁਲਾਈ 7 2010*



## ਮੇਰਾ ਕਿੰਨਾ ਖ਼ਿਆਲ

ਮੇਰਾ ਕਿੰਨਾ ਖ਼ਿਆਲ ਕਰਦਾ ਹੈ
ਯਾਰ ਭੁੱਲ ਕੇ ਕਮਾਲ ਕਰਦਾ ਹੈ

ਰਾਬਤਾ ਰੱਬ ਨਾਲ ਕਾਜ਼ੀ ਦਾ
ਕੰਮ ਥੋਥੇ ਦਲਾਲ ਕਰਦਾ ਹੈ

ਬਿਨ ਇਲਾਜੋਂ ਹੀ ਮਰ ਨਾ ਜਾਵਾਂ ਮੈਂ
ਉਹ ਨਾ ਪਰ ਕੁਝ ਖ਼ਿਆਲ ਕਰਦਾ ਹੈ

ਗ਼ਮ ਤੇਰਾ ਰੋਜ ਹੀ ਤਪਾਉਂਦਾ ਹੈ
ਕੰਮ ਲੂਅ ਦਾ ਸਿਆਲ ਕਰਦਾ ਹੈ

ਉਸਦਾ ਕੁਝ ਵੀ ਪਤਾ ਨਹੀਂ ਲੱਗਦਾ
ਕੀ ਕੀ ਉਹ ਮੇਰੇ ਨਾਲ ਕਰਦਾ ਹੈ

ਦੇਵ ਨੇ ਜਾਨ ਵਾਰ ਦਿੱਤੀ ਹੈ
ਪਿਆਰ ਕੀ ਉਹ ਸਵਾਲ ਕਰਦਾ ਹੈ

*ਨਵੰਬਰ 25 2009*

## ਮੈਨੂੰ ਮੇਰੇ ਮੀਤ ਨੇ

ਮੈਨੂੰ ਮੇਰੇ ਅਤੀਤ ਨੇ ਡੰਗਿਆ
ਮੈਨੂੰ ਤੇਰੀ ਪਰੀਤ ਨੇ ਡੰਗਿਆ

ਮੈਂ ਤੇਰੇ ਗ਼ਮ ਦਾ ਗੀਤ ਬਣਿਆ ਹਾਂ
ਮੈਨੂੰ ਮੇਰੇ ਹੀ ਗੀਤ ਨੇ ਡੰਗਿਆ

ਹਾੜ੍ਹ ਨੇ ਕੁਝ ਕਿਹਾ ਨਾ ਹੀ ਪੋਹ ਨੇ
ਮੈਨੂੰ ਤਾਂ ਮੇਰੇ ਮੀਤ ਨੇ ਡੰਗਿਆ

ਸ਼ਹਿਰ ਤੇਰਾ ਨ ਰਾਸ ਆ ਸਕਿਆ
ਮੈਨੂੰ ਇਸਦੀ ਹੀ ਰੀਤ ਨੇ ਡੰਗਿਆ

ਦੇਵ ਨੂੰ ਭਾਈ ਨਾ ਵਫ਼ਾ ਤੇਰੀ
ਮੈਨੂੰ ਤੇਰੀ ਹੀ ਨੀਤ ਨੇ ਡੰਗਿਆ

*ਜੂਨ 08 2010*



## ਜ਼ਿੰਦਗੀ ਦੀ ਰਾਹ

ਜ਼ਿੰਦਗੀ ਦੀ ਰਾਹ ਦੀ ਕੈਸੀ ਫ਼ਜ਼ਾ
ਵੇਖੀਏ ਹੁਣ ਰੋਜ਼ ਹੀ ਮਿਲਦੀ ਸਜ਼ਾ

ਰੰਗ ਇਸਦਾ ਭੁਗਤਿਆ ਕਿਰਦਾਰ ਨੇ
ਰੀਝ ਮੇਰੀ ਪਾ ਗਈ ਅਪਣੀ ਕਜ਼ਾ

ਕੀ ਖ਼ਤਾ ਕੀਤੀ ਸੀ ਮੈਂ ਵੀ ਪਿਆਰ ਵਿਚ
ਜ਼ਿੰਦਗੀ ਹੀ ਹੋ ਗਈ ਹੈ ਬੇ-ਮਜ਼ਾ

ਤੂੰ ਕਿਹਾ ਅਕਸਰ ਕਿ ਮੈਨੂੰ ਭੁੱਲ ਜਾ
ਹੁਣ ਇਹੋ ਹੀ ਰੱਬ ਦੀ ਵੀ ਹੈ ਰਜ਼ਾ

ਦੇਵ ਥੋੜ੍ਹਾ ਥੋੜ੍ਹਾ ਤੈਨੂੰ ਭੁੱਲ ਰਿਹਾ
ਇਸ 'ਚ ਵੀ ਯਾਦਾਂ ਦਾ ਆਉਂਦਾ ਹੈ ਮਜ਼ਾ

*ਜੂਨ 02 2010*

## ਇਸ਼ਕ ਆਪਣੇ ਆਪ

ਇਸ਼ਕ ਆਪਣੇ ਆਪ ਵਿਚ ਸੌਗਾਤ ਸੀ
ਧੁੱਪ ਵੀ ਇਸ ਵਿਚ ਜਿਵੇਂ ਬਰਸਾਤ ਸੀ

ਢਲ ਰਹੀ ਸੀ ਹਸਰਤਾਂ ਦੀ ਸ਼ਾਮ ਪਰ
ਹਰ ਇਸ਼ਾਰਾ ਤੇਰਾ ਜਿਉਂ ਪਰਭਾਤ ਸੀ

ਜੁਗਨੂੰ ਅੱਜ ਵੀ ਰਾਹਾਂ ਰੁਸ਼ਨਾਉਂਦੇ ਨੇ ਪਰ
ਰਾਤ ਤਾਂ ਬੱਸ ਨਾਲ ਤੇਰੇ ਰਾਤ ਸੀ

ਨਾਲ ਮੇਰੇ ਜੋ ਤੁਰੇ ਸਨ ਹਮਸਫ਼ਰ
ਗ਼ਮ ਨੇ ਸਭਨਾ ਉੱਤੇ ਲਾਈ ਘਾਤ ਸੀ

ਮੈਂ ਸਲੀਬਾਂ ਸੂਲੀਆਂ ਵੀ ਚੜ੍ਹ ਗਿਆ
ਜ਼ਹਿਰ ਚੱਖ ਕੇ ਹੋ ਗਿਆ ਸੁਕਰਾਤ ਸੀ

ਕਾਫ਼ਲਾ ਗੀਤਾਂ ਦਾ ਵੱਡਾ ਦੇਵ ਪਰ
ਇਹ ਗ਼ਰੀਬੀ ਹੀ ਮੇਰੀ ਔਕਾਤ ਸੀ

*ਅਪਰੈਲ 07 2013*



## ਬੇ-ਰਹਿਮ ਨਿਕਲਿਆ

ਬੇ-ਰਹਿਮ ਨਿਕਲਿਆ ਯਾਰ ਮੇਰਾ
ਨਾ ਖ਼ਰਾ ਉਤਰਿਆ ਯਾਰ ਮੇਰਾ

ਮੈਂ ਅਜ਼ਲ ਤੋਂ ਹੀ ਦਰਵਾਜ਼ੇ ਖੋਲ੍ਹੇ
ਪਾਸਿਓਂ ਲੰਘਿਆ ਯਾਰ ਮੇਰਾ

ਭੁੱਲ ਉਸ ਨੂੰ ਅਸੀਂ ਸਮਝਿਆ ਸੀ
ਪਰ ਨਾ ਇਹ ਸਮਝਿਆ ਯਾਰ ਮੇਰਾ

ਮੈਂ ਹਰ ਇਕ ਸ਼ੈਅ 'ਚੋਂ ਉਸਨੂੰ ਹੀ ਪਾਇਆ
ਇੰਝ ਮੈਂ ਵੇਖਿਆ ਯਾਰ ਮੇਰਾ

ਦਿਲ ਦੀ ਹਰ ਪਰਤ ਉਸ ਅੱਗੇ ਖੋਲ੍ਹੀ
ਫ਼ਿਰ ਵੀ ਨਾ ਪਰਚਿਆ ਯਾਰ ਮੇਰਾ

ਜ਼ਿੰਦਗੀ ਵਿਚ ਇਹ ਰਹੁ ਸ਼ਿਕਵਾ
ਵਾਰ ਕਰਦਾ ਗਿਆ ਯਾਰ ਮੇਰਾ

ਯਾਰ ਦੇ ਗ਼ਮ ਵਿਚ ਤਾਂ ਦੇਵ ਤੜਪੇ
ਫ਼ਿਰ ਵੀ ਨਾ ਤੜਪਿਆ ਯਾਰ ਮੇਰਾ

*ਅਪਰੈਲ 13 2013*

## ਮੈਂ ਚਲਦਾ ਮੈਂ ਕਿਧਰੇ

ਮੈਂ ਚਲਦਾ ਮੈਂ ਕਿਧਰੇ ਵੀ ਰੁਕਿਆ ਨਹੀਂ
ਇਰਾਦਾ ਕਦੇ ਮੇਰਾ ਝੁਕਿਆ ਨਹੀਂ

ਬਹਾਰਾਂ ਦੀ ਮਸਤੀ 'ਚ ਖਿੜਦਾ ਰਿਹਾ
ਖ਼ਿਜ਼ਾਂ ਵਿਚ ਵੀ ਮੈਂ ਕਿਧਰੇ ਸੁੱਕਿਆ ਨਹੀਂ

ਤੂੰ ਸੋਚੇਂ ਕਿ ਮੈਂ ਮੁੱਕ ਗਿਆ ਹਾਂ ਕਿਤੇ
ਤੇਰੀ ਆਸ ਵਿਚ ਹੀ ਮੈਂ ਮੁੱਕਿਆ ਨਹੀਂ

ਮੈਂ ਹਿਜਰਾਂ ਦੇ ਗ਼ਮ ਨੂੰ ਹੰਢਾਇਆ ਬਹੁਤ
ਤੇਰੇ ਸਾਹਮਣੇ ਹਾਂ ਮੈਂ ਲੁੱਕਿਆ ਨਹੀਂ

ਮੁਹੱਬਤ ਵਿਚ ਸਾਹਿਲ ਤਾਂ ਹੁੰਦਾ ਨਹੀਂ
ਮੈਂ ਇਸ ਦੇ ਭੰਵਰ ਤੋਂ ਤਾਂ ਉੱਕਿਆ ਨਹੀਂ

ਦਸੰਬਰ 04 2011

ਬਲਦੇਵ ਸੀਹਰੇ ਦੀਆਂ ਇਸ ਸੰਗ੍ਰਹਿ ਵਿਚ ਲਗਭਗ ਸਾਰੀਆਂ ਗ਼ਜ਼ਲਾਂ ਆਸ਼ਕਾਂ ਤੇ ਆਸ਼ਕੀ ਦੇ ਵਰਤਾਰੇ ਦੇ ਲਿਖਾਇਕ ਹਨ। ਇਹ ਗ਼ਜ਼ਲਾਂ ਪੰਜਾਬੀ ਦੇ ਉਹਨਾਂ ਰੋਮਾਂਸਵਾਦੀ ਕਿੱਸਿਆਂ ਦੇ ਹੀਰੋ - ਰਾਂਝਾ, ਮਹੀਵਾਲ, ਫਰਿਹਾਦ, ਪੁੰਨੂੰ, ਮਜਨੂੰ, ਅਤੇ ਹੀਰੋਇਨਾਂ -ਹੀਰ, ਸੋਹਣੀ, ਸ਼ੀਰੀਂ, ਸੱਸੀ, ਤੇ ਲੈਲਾ ਦੀਆਂ ਇਤਿਹਾਸਕ/ਮਿਥਿਹਾਸਕ ਸ਼ਖ਼ਸੀਅਤਾਂ ਦਾ ਅਦੁੱਤੀ ਤੇ ਨਾ ਮਿੱਟ ਸਕਣ ਵਾਲਾ ਪ੍ਰਭਾਵ ਪੇਸ਼ ਕਰਦੀਆਂ ਹਨ। ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਅੱਜ ਇੱਕੀਵੀਂ ਸਦੀ ਵਿਚ ਕੈਨੇਡਾ ਦੀ ਧਰਤੀ ਤੇ ਬੈਠਾ ਕੋਈ ਸ਼ਾਇਰ ਅਜਿਹੀ ਰੁਮਾਂਸਵਾਦੀ ਕਵਿਤਾ ਲਿਖ ਰਿਹਾ ਹੈ ਜਿਸ ਦੀ ਪੇਸ਼ਕਾਰੀ ਵਿਚ ਬਿਰਹਾ ਦੀ ਤੜਪ ਹੈ।

*-ਸੁਰਜੀਤ ਕਲਸੀ*



ਬਲਦੇਵ ਸੀਹਰਾ ਦੇ ਨਵੇਂ ਗ਼ਜ਼ਲ ਸੰਗ੍ਰਹਿ 'ਬਰਫ਼ ਬਣਿਆਂ ਹਾਂ' ਵਿਚ ਗ਼ਜ਼ਲਗੋਈ ਦੀ ਗੱਲ ਕਰੀਏ, ਗ਼ਜ਼ਲ ਦੀਆਂ ਬਹਿਰਾਂ ਬਾਰੇ ਗੱਲ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਬਿਨਾ ਬਹਿਰ, ਜਿਸ ਨੂੰ ਕਿ ਭਾਰਤੀ ਕਾਵਿ ਵਿਚ ਛੰਦ ਕਿਹਾ ਜਾਂਦਾ ਹੈ, ਗ਼ਜ਼ਲ ਨਹੀਂ ਕਹੀ ਜਾਂਦੀ ਤੇ ਬਹਿਰ ਹੀ ਗ਼ਜ਼ਲਗੋਈ ਦਾ ਧੁਰਾ ਹੈ। ਇਸ ਦੁਆਲੇ ਹੀ ਗ਼ਜ਼ਲਗੋਈ ਦਾ ਸਾਰਾ ਵਿਧਾਨ ਘੁੰਮਦਾ ਹੈ।

ਬਲਦੇਵ ਸੀਹਰਾ ਉਰਫ਼ ਦੇਵ ਦੀ ਗ਼ਜ਼ਲਗੋਈ ਨੂੰ ਹੱਥਲੇ ਗ਼ਜ਼ਲ ਸੰਗ੍ਰਹਿ ਵਿਚ ਪਰਖੀਏ ਤਾਂ ਸਾਨੂੰ ਬਹੁਤ ਸਾਰੀਆਂ ਗ਼ਜ਼ਲਾਂ ਤੇ ਉਨ੍ਹਾਂ ਵਿਚ ਬਹੁਤ ਉਮਦਾ ਉਮਦਾ ਸ਼ਿਅਰ ਮਿਲਦੇ ਹਨ ਜੋ ਬਲਦੇਵ ਦੀ ਗ਼ਜ਼ਲਗੋਈ ਨੂੰ ਵਰਤਮਾਨ ਖਾਸ ਕਰ ਕੇ ਨਵੇਂ ਗ਼ਜ਼ਲਗੋਆਂ ਨਾਲੋਂ ਨਖੇੜਦੇ ਹੀ ਨਹੀਂ ਸਗੋਂ ਬਿਲਕੁਲ ਅਲੱਗ ਥਲੱਗ ਵੀ ਕਰਦੇ ਹਨ।

-ਨਦੀਮ ਪਰਮਾਰ

ISBN 938285202-6
9789382852025

***Baraf Baneyan Haan***

**₹ 150/-**

**Chetna Parkashan**
Punjabi Bhawan, **Ludhiana**-141001
(Pb.) INDIA. Ph. 0161-2413613, 2404928
B.O. : Qila Road, Opp. Bus Stand, **Kotkapura**.
e-mail:chetnaparkashan@gmail.com
website: www.chetnaparkashan.com